ਅਪ੍ਰੈਲ 2009

# ਅੰਮ੍ਰਿਤ ਕੀਰਤਨ

# Amrit Kirtan




ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ


Sri Satguru Jagjit Singh Ji Elibrary NamdhariElibrary@gmail.com

# SADA-E-ROOH

## Prof. Jagir Singh embalms every soul

As a fragment dwells in a flower, or an image in a mirror so does the soul reside in the human body. The soul yearns for oneness with its Creator and soulful music raises the levels of our consciousness from the soul of the feet to the crown of the head. Music means Self-expansion and oneness. Music is the inner or universal language of God. If we can feel that It is not our voice, Not our fingers, But some reality deep inside our heart which is expressing itself, Then we will know that it is The soul's music. The outer music Comes from an outer instrument. The inner music Comes from the heart. The name of this inner music is oneness. In the spiritual world, next to meditation is music, the breath of music. Meditation is silence, energising and fulfilling. Silence is the eloquent expression of the inexpressible. After silence, that which comes nearest to expressing the inexpressible is music.

Soulful music immediately awakens and inspires our hearts because it embodies the Absolute Supreme. Music and the spiritual life are like twin brothers. Music helps the spiritual seeker t[illegible] deep within to get the utmost sat[illegible]action from life, from truth, from rea[illegible] The spiritual life, in turn, helps mu[illegible] to offer its capacity and its strengt[illegible] which is the soul's light, to the world a[illegible] With the help of music, the mind [illegible] disciplines the senses and makes them into perfect instruments so they can be inundated with peace, light and bliss from above.

Prof. Dr. Jagir Singh, a well known authority on Gurbani and its musical rendering, was the chief guest at our Monday meeting. Rtn Man Mohan Singh Kohli introduced him and said the lives of the people of [illegible] [illegible] research work has brought him many accolades including Sang[illegible] Natak Academy Award.

Prof. Dr. Jagir Singh who is professor and head Dept. of Gurmat Sangeet at Pbi. University Patiala embalmed the hearts of everyone in the evening who listened to his soulful rendering of Guru Ki Bani in Basant Raaga, creating onness with the Supreme Soul.

The Bliss permeated every where as we sipped the divine music, so appropriately named 'sada-e-rooh'.

**Presentation - A P Singh**
**# 3019, Phase 7, Mohali**

**PAGE SPONSORED BY : AHUJA FAMILY**
C-353, Defence Colony New Delhi 110 024

Sri Satguru Jagjit Singh Ji Elibrary NamdhariElibrary@gmail.com

# ੴ ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ

ਅੰਕ 4 ♦ ਸਾਲ ਇੱਕੀਵਾਂ ♦ ਅਪ੍ਰੈਲ 2009



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80G of Income-Tax Act, 1961 (43 of 1961) vide CIT-I/CHD/TECH/80G/2008-939 dated 19/05/2008 valid upto 31.03.2012

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ.
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website: www.gurshabad.com



Computer Type Setting
sohal specials Phone: 98788 23351



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼
ਐਸ.ਸੀ.ਐਫ. 112, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ


## ਇਸ ਅੰਕ ਵਿਚ


ਮਿਤ੍ਰ ਅਸਾਡੜੇ ਸੇਈ — 4
*ਪਾਠਕਾਂ ਦੇ ਪੱਤਰ*

ਕਰਉ ਬੇਨੰਤੀਆ — 6
*ਸੰਪਾਦਕੀ*

ਢਾਡੀ ਸਮਰਾਟ ਸਰਦਾਰ ਸੋਹਣ ਸਿੰਘ ਸੀਤਲ — 9
*ਡਾ. ਨਵਜੋਤ ਕੌਰ ਕਸੇਲ*

ਹਿੰਦੁਸਤਾਨੀ ਸੰਗੀਤ ਵਿਚ ਰਾਗਾਂ ਦਾ ਸਮਾਂ ਸਿਧਾਂਤ — 15
*ਅਮਰਿੰਦਰ ਸਿੰਘ*

ਰਾਗ ਸ਼ੁੱਧ ਤੇ ਮਿਸ਼ਰਤ — 18
*ਦਿਆਲ ਸਿੰਘ*

ਰਾਗੀ ਜਥਾ ਭਾਈ ਚਰਨਜੀਤ ਸਿੰਘ ਖਾਲਸਾ — 21
*ਪ੍ਰੋ: ਐਮ.ਐਸ. ਸਚਦੇਵਾ*

ਪੰਜਵਾਂ ਗੁਰਮਤਿ ਸੰਗੀਤ ਉਤਸਵ — 22

ਸੁਰ ਲਿਪੀ — 25
*ਜਵਰਜੰਗ ਸਿੰਘ*

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ — 26
*ਮਨਮੋਹਨ ਸਿੰਘ*




Sri Satguru Jagjit Singh Ji Elibrary NamdhariElibrary@gmail.com

# ਮਿਤ੍ਰ ਅਸਾਡੜੇ ਸੇਈ

*ਮਾਂ ਇੱਕੋ ਹੀ ਲਫ਼ਜ਼ ਪਰ ਇਸ ਦੇ ਪਿਆਰਾਂ ਦੀ ਗਹਿਰਾਈ-* ਨਾਪੀ ਤੋਲੀ ਨਹੀਂ ਜਾ ਸਕਦੀ । ਤੁਸੀਂ ਅਜ ਜੋ ਵੀ ਹੋ, ਤੁਹਾਡੀ ਸ਼ਖ਼ਸੀਅਤ, ਇਹ ਸ਼ੁਹਰਤ, ਰੁਤਬੇ ਜੋ ਵੀ ਹੈ ਸਭ ਉਸ ਮਾਂ ਦੀ ਬਦੌਲਤ ਹਨ । ਜਿੰਦਗੀ ਵਿਚ ਸਾਰੇ ਕਰਜੇ ਕਦੀਂ ਨਾ ਕਦੀਂ ਉਤਾਰੇ ਜਾ ਸਕਦੇ ਹਨ ਪਰ ਮਾਂ-ਬਾਪ ਦਾ ਕੀਤਾ, ਕਦੀ ਵਾਪਸ (ਰੀ-ਪੇ ) ਨਹੀਂ ਕੀਤਾ ਜਾ ਸਕਦਾ।

ਜਨਮ ਲੈਣ ਵਾਲੇ ਦਿਨ ਤੋਂ ਕਿਹੜੀਆਂ-ਕਿਹੜੀਆਂ ਘਾਲਣਾ ਘਾਲ -ਘਾਲ ਕੇ ਮਾਂ-ਬਾਪ ਬੱਚੇ ਨੂੰ ਪਾਲਦੇ ਹਨ , ਪਾਲ-ਪਾਲ ਕੇ ਜਿੰਦਗੀ ਸੰਵਾਰ ਕੇ ਬਣਾਦੇ ਹਨ - ਤੇ ਅਸੀਂ ਕਦੋਂ (ਰੀ-ਪੇ) ਵਾਪਸ ਕਰ ਸਕਦੇ ਹਾਂ।

ਹਾਂ, ਇਹ ਜਰੂਰ ਕਹਾਂਗੀ ਕਿ ਮਾਤਾ ਜੀ ਬੜੇ ਕਰਮਾਂ ਵਾਲੇ ਸਨ, ਜਿਨ੍ਹਾਂ ਦੇ ਸਾਰੇ ਬੇਟੇ ਇੰਨੀ ਸੋਹਣੀ ਤਰ੍ਹਾਂ ਗੁਰੂ ਦੀ ਉਸਤਤ ਗਾਂਦੇ ਹਨ ।ਉਹ ਧੰਨ ਸਨ ।ਇਹ ਕਹਿਣ ਦੀ ਲੋੜ ਹੀ ਨਹੀਂ ਕਿ ਵਾਹਿਗੁਰੂ ਉਹਨਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ। ਉਹ ਤਾਂ ਗੁਰੂ ਨੇ ਆਪੇ ਹੀ ਉਨ੍ਹਾਂ ਨੂੰ ਆਪਣੇ ਗਲ ਲਗਾ ਲਿਆ ਹੋਏਗਾ। ਵਾਹਿਗੁਰੂ ਆਪ ਸਾਰਿਆਂ ਨੂੰ ਸਦਾ ਸੁਖ ਦੇਵੇ।

ਬਬਲੀ ਐਸ ਸਿੰਘ
ਮਾਡਲ ਗਰਾਮ, ਲੁਧਿਆਣਾ

*ਆਪਦੇ ਮਾਤਾ ਜੀ ਦੇ ਸਵਰਗਵਾਸੀ ਹੋਣ ਉਪਰੰਤ ਉਨ੍ਹਾਂ ਤੋਂ* ਜਿਸ ਆਸੀਸ ਦੀ ਤੁਸੀਂ ਅਰਦਾਸ ਕੀਤੀ ਹੈ ਉਹ ਤਾਂ ਪਹਿਲਾਂ ਤੋਂ ਹੀ ਸਦਾ ਤੁਹਾਡੇ ਅੰਗ ਸੰਗ ਹੈ।ਕੀਰਤਨ ਦੇ ਖੇਤਰ ਵਿਚ ਇਕ ਕੀਰਤਨਕਾਰ ਵਜੋਂ, ਵਿਦਵਾਨ ਲੇਖਕ ਵਜੋਂ ਅਤੇ ਅੰਮ੍ਰਿਤ ਕੀਰਤਨ ਦੇ ਸੰਪਾਦਕ ਵਜੋਂ ਜੋ ਸੇਵਾ ਤੁਸੀਂ ਨਿਭਾ ਰਹੇ ਹੋ, ਉਸ ਲਈ ਪੂਰਾ ਸੰਗੀਤ ਜਗਤ ਤੁਹਾਡਾ ਰਿਣੀ ਹੈ।

ਤੁਹਾਡੇ ਮਾਤਾ ਜੀ ਜਿਹੀਆਂ ਸਹਿਜ ਨਾਲ ਭਰਪੂਰ ਅਤੇ ਪ੍ਰੇਰਕ ਸਖਸ਼ੀਅਤਾਂ ਦੇ ਉੱਦਮ ਅਤੇ ਸੰਸਕਾਰਾਂ ਦੇ ਸਦਕਾ ਹੀ ਸਮਾਜ ਵਿਚ ਤੁਹਾਡੇ ਜਿਹੇ ਸੁਹਜਮਈ ਵਿਅਕਤੀ ਵਿਚਰਦੇ ਹਨ ਜੋ ਇਸ ਦੁਨੀਆਂ ਨੂੰ ਅਮੀਰ ਬਣਾਉਂਦੇ ਹਨ।ਪ੍ਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਡਾ. ਨਿਵੇਦਿਤਾ ਸਿੰਘ
ਸੰਗੀਤ ਵਿਭਾਗ, ਪੰਜਾਬ ਯੂਨੀਵਰਸਿਟੀ, ਪਟਿਆਲਾ

*ਫਰਵਰੀ ਦਾ ਅੰਮ੍ਰਿਤ ਕੀਰਤਨ ਬੇਹੱਦ ਪਸੰਦ ਆਇਆ। ਪੁਤ,* ਮਾਤਾ ਕੀ ਅਸੀਸ, ਡਾ, ਜਾਗੀਰ ਸਿੰਘ ਜੀ ਦਾ ਸੰਪਾਦਕੀ ਨੋਟ ਬਹੁਤ ਹੀ ਸੋਹਣਾ ਲੇਖ ਸੀ। ਸਾਨੂੰ ਵੀ ਸਿਖਿਆ ਲੈਣੀ ਚਾਹੀਦੀ ਹੈ,

ਮਾਂ ਜਿਹਾ ਘਣਛਾਵਾਂ ਬੂਟਾ ਮੈਨੂੰ ਨਜ਼ਰ ਨਾ ਆਏ ,
ਜਿਸ ਤੋਂ ਲੈ ਕੇ ਛਾਂ ਉਧਾਰੀ ਰੱਬ ਨੇ ਸਵਰਗ ਬਣਾਏ
ਹੋਰ ਕੁਲ ਦੁਨੀਆਂ ਦੇ ਬੂਟੇ,
ਜੜ੍ਹ ਸੁਕਿਆਂ ਸੁਕ ਜਾਂਦੇ ਐਪਰ ਫੁੱਲਾਂ ਦੇ ਮੁਰਝਾਇਆਂ,
ਇਹ ਬੂਟਾ ਸੁੱਕ ਜਾਇ,

ਦੇ ਮੁਤਾਬਿਕ 'ਮਾਂ' ਇਕ ਘਣਛਾਵਾਂ ਬੂਟਾ ਹੈ।ਅਨੰਦ ਆਤਮ ਕੀਰਤਨ ਲੇਖ ਵਲੋਂ ਕਰਤਾਰ ਸਿੰਘ ਨੀਲਧਾਰੀ, ਆਰਤੀ ਦੀ ਕੀਰਤਨ ਚੌਕੀ ਇਤਿਹਾਸਕ ਪਰਿਪੇਖ ਲੇਖ ਵਲੋਂ ਮਨਦੀਪ ਕੌਰ, ਬੀਬੀ ਹਰਦੀਪ ਕੌਰ ਵਲੋਂ ਰਾਗੁ ਕਾਨੜਾ ਦਾ ਬੰਦਸ਼ ਰੂਪ ਹਾਲ ਆਦਿਕ ਲੇਖ ਬੇਹੱਦ ਪਸੰਦ ਆਏ।

ਪ੍ਰੋ ਐਮ ਐਸ ਸਚਦੇਵਾ
ਇੰਡੀਅਨ ਮਿਊਜ਼ਿਕ ਅਕੈਡਮੀ,
ਨੇੜੇ ਬੱਸ ਸਟੈਂਡ, ਅਬਹੋਰ (ਫਿਰੋਜ਼ਪੁਰ)

*ਆਪ ਜੀ ਦੀ ਮਾਤਾ ਜੀ ਅਕਾਲ ਚਲਾਣਾ ਕਰ ਗਏ, ਇਸ* ਮਹੀਨੇ ਦੇ ਅੰਮ੍ਰਿਤ ਕੀਰਤਨ 'ਚੋਂ ਪੜ੍ਹ ਕੇ ਬਹੁਤ ਅਫ਼ਸੋਸ ਹੋਇਆ।

ਇਹ ਸੰਸਾਰ ਚਲਦੀ ਸਰਾਂ ਹੈ।ਸਾਡੇ ਮਾਪੇ ਫਿਰ ਉਨ੍ਹਾਂ ਦੇ ਮਾਪੇ, ਅਗੇ ਫਿਰ ਉਨ੍ਹਾਂ ਦੇ ਮਾਪੇ, ਇਸ ਸਮੇਂ ਦੇ ਚੱਕਰ ਨੇ ਆਪਣੇ ਵਿਚ ਸਮੋ ਲਏ। ਜੁਗਾਂ ਤੋਂ ਇਹ ਸਿਲਸਿਲਾ ਜਾਰੀ ਹੈ ਅਤੇ ਅੱਗੇ ਵੀ ਜਾਰੀ ਰਹੇਗਾ।ਕੀਹਨੂੰ ਯਾਦ ਕਰੀਏ, ਕੀਹਨੂੰ ਨਾ ਕਰੀਏ.... ...। ਪਰ ਮਾਂ, ਜਿਹਦੀ ਕੁੱਖ ਵਿਚ ਪਹਿਲਾਂ 9 ਮਹੀਨੇ ਅਤੇ ਫਿਰ ਜੀਵਨ ਦੇ ਪਹਿਲੇ ਤਿੰਨ ਚਾਰ ਸਾਲ ਗੋਦੀ ਦਾ ਸੁੱਖ ਅਤੇ ਨਿੱਘ ਮਾਣਿਆ ਹੋਵੇ, ਸਾਡੀ ਸਿਮਰਤੀ ਵਿਚ ਚੇਤ, ਅਚੇਤ ਸਮਾਈ ਰਹਿੰਦੀ ਹੈ। ਜੀਵਨ ਵਿਚ ਕਈ ਵਾਰ ਕਈ ਸਾਲ ਨਿਕਲ ਜਾਂਦੇ ਹਨ, ਮਾਂ ਯਾਦ ਨਹੀਂ ਆਉਂਦੀ। ਫਿਰ ਵੀ ਦੁੱਖ ਦੀਆਂ (ਅਤੇ ਕਈ ਵਾਰ ਸੁਖ ਦੀਆਂ) ਘੜੀਆਂ ਵਿਚ ਆਪ ਮੁਹਾਰੇ ਮੂੰਹੋਂ ਮਾਂ ਨਿਕਲ ਜਾਂਦਾ ਹੈ। ਹੋਰ ਤਾਂ ਹੋਰ ਗੁਰਬਾਣੀ ਵਿਚ ਵੀ ਖੇੜੇ ਅਤੇ ਗਮੀ ਦੇ ਪਲਾਂ ਨੂੰ ਮਾਂ ਨਾਲ ਸਾਂਝੀਆਂ ਕਰਨ ਦਾ ਵਰਣਨ ਆਇਆ ਹੈ, ਜਿਵੇਂ "ਆਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ" ਜਾਂ "ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥" ਮਾਵਾਂ ਠੰਡੀਆਂ ਛਾਵਾਂ ਹੁੰਦੀਆਂ ਹਨ।ਇਕ ਕਵੀ ਦੇ ਬੋਲ, 'ਮਾਂ ਵਰਗਾ ਘਣਛਾਵਾਂ ਬੂਟਾ ਕਿਧਰੇ ਨਜ਼ਰ ਨਾ ਆਇ। ਜਿਸ ਤੋਂ ਲੈ ਕੇ ਛਾਂ ਉਧਾਰੀ ਰੱਬ ਨੇ ਸੁਰਗ ਬਣਾਇ।ਹੋਰ ਸਭ ਦੁਨੀਆਂ ਦੇ ਬੂਟੇ ਜੜ੍ਹ ਸੁੱਕਿਆਂ ਮੁਰਝਾਂਦੇ, ਐਪਰ ਫੁਲਾਂ ਦੇ ਮੁਰਝਾਇਆਂ ਉਹ ਬੂਟਾ ਸੁਕ ਜਾਇ ॥" ਅਸੀਂ ਭਾਵੇਂ ਮਾਂ ਨੂੰ ਕਈ ਵਾਰ ਯਾਦ ਨਾ ਕਰੀਏ, ਮਾਂ ਹਮੇਸ਼ਾਂ ਆਪਣੇ ਬੱਚਿਆਂ ਲਈ ਅਸੀਸਾਂ ਅਤੇ ਉਨ੍ਹਾਂ ਦੇ ਸੁੱਖ ਦੀ ਲੋਚਾ ਮਨ ਵਿਚ ਰਖਦੀ ਹੈ।ਮਾਂ ਦਾ ਪਿਆਰ ਸੰਸਾਰ ਵਿਚ ਐਸਾ ਨਿਵੇਕਲਾ ਪਿਆਰ ਹੈ, ਜਿਹੜਾ ਜ਼ਿੰਦਗੀ ਵਿਚ ਇਕ ਹੀ ਵਾਰ ਮਿਲਦਾ ਹੈ, ਜਿਸ ਦਾ ਕੋਈ ਬਦਲ ਨਹੀਂ।

ਇਥੇ ਇਕ ਮੇਰੀ ਆਪਣੀ ਮਾਂ ਦੀ ਯਾਦ ਸਾਂਝੀ ਕਰਨੀ ਕੁਥਾਵੀਂ ਨਹੀਂ ਹੋਵੇਗੀ। ਜਦੋਂ ਮੈਂ ਪੰਜਾਬੋਂ ਆਪਣੀ ਮਾਂ ਦੇ ਭੋਗ ਤੋਂ ਬਾਅਦ



Sri Satguru Jagjit Singh Ji Elibrary NamdhariElibrary@gmail.com

ਬੰਬਈ ਪਹੁੰਚਿਆ ਤਾਂ ਅਗਲੇ ਦਿਨ ਸ਼ਾਮ ਨੂੰ ਰਹਿਰਾਸ ਦਾ ਪਾਠ ਕਰਦਿਆਂ, ਮਨ ਬਿਹਬਲ ਹੋ ਗਿਆ ਅਤੇ ਆਪ ਮੁਹਾਰੇ ਅੱਖਾਂ 'ਚੋਂ ਹੰਝੂ ਵਹਿ ਤੁਰੇ। ਤਾਂ ਰਾਤ ਨੂੰ ਸੁਪਨੇ ਵਿਚ ਮੇਰੀ ਮਾਂ ਆਈ। ਉਸ ਨੇ ਆਖਿਆ ਕਿ ਤੂੰ ਰੋਇਆ ਨਾ ਕਰ, ਅਤੇ ਜੱਫੀ ਵਿਚ ਲੈ ਕੇ ਘੁਟਿਆ ਅਤੇ ਮੂੰਹ ਚੁੰਮਿਆ। ਸਵੇਰੇ ਜਦ ਅੱਖ ਖੁੱਲ੍ਹੀ ਤਾਂ ਮਨ ਵਿਚ ਇਕ ਅਜੀਬ ਖੇੜੇ ਦੀ ਅਵਸਥਾ ਵਿਚ ਸੀ ਅਤੇ ਸਰੀਰ ਹਲਕਾ ਫੁਲਕਾ। ਇਸ ਤਰ੍ਹਾਂ ਦੀ ਅਵਸਥਾ ਕਦੀ ਕਦਾਈਂ ਨਾਮ ਬਾਣੀ ਵਿਚ ਜੁੜਿਆਂ ਬਣਦੀ ਹੈ। ਸਾਡੀ ਮਾਤਾ ਜੀ ਨੇ ਸਨ 66 ਦੇ ਦਸਹਿਰੇ ਦੇ ਸਮਾਗਮ ਤੇ ਸਾਡੇ ਨਾਲ ਹੀ ਅਖੰਡ ਕੀਰਤਨ ਜਥੇ ਤੋਂ ਅੰਮ੍ਰਿਤ ਛਕਿਆ ਅਤੇ ਸਨ 69 ਵਿਚ ਸਾਥੋਂ ਸਦਾ ਲਈ ਵਿਛੜ ਗਏ।

ਮਾਂ ਦੀ ਪਿਆਰ ਗਲਵੱਕੜੀ ਅਜਿਹੀ ਚੁੰਬਕੀ ਕ੍ਰਿਪਾ ਹੈ, ਜੋ ਸਰੀਰ ਦੇ ਅੰਗ ਅੰਗ 'ਚੋਂ ਥਕਾਵਟ ਕੱਢ ਦਿੰਦੀ ਹੈ।

ਇਨਸਾਨ ਗਲਤੀਆਂ ਦਾ ਪੁਤਲਾ ਹੈ। ਜੀਵਨ ਵਿਚ ਵਿਚਰਦਿਆਂ ਚੇਤ ਅਚੇਤ ਗਲਤੀਆਂ ਹੁੰਦੀਆਂ ਰਹਿੰਦੀਆਂ ਹਨ। ਸਾਡੀ ਅਰਦਾਸ ਹੈ ਕਿ ਸਤਿਗੁਰ ਜੀ ਆਪ ਜੀ ਦੀ ਮਾਤਾ ਦੀਆਂ ਭੁੱਲਾਂ ਨੂੰ ਨਾ ਚਿਤਾਰਦੇ ਹੋਏ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਅਤੇ ਪਿਛੇ ਸਾਰੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਸਾਡੇ ਵੱਲੋਂ ਸਾਰੇ ਪਰਿਵਾਰ ਨੂੰ ਗੁਰ ਫਤਹਿ।

ਅਛਰ ਸਿਘ
303, EMP 26, Evershine, Thakur Village,
Kandivli (E) Mumbai 400101

***Thank you for sending yet another*** good issue of Amrit Kirtan. Your efforts to disseminate Gurmat through the kirtan medium is highly appreciated. My only suggestion is to gradually increase the English portion of the journal to benefit non-Punjabi populations.

Bhai Harbans Lal, PhD., D.Litt(hons)
japji08@yahoo.com

***Just received February 09 issue of*** Amrit Kirtan. I was deeply saden to read that your respected and dear Mata Ji left for her heavenly aboard. We offer our condolensces and Ardas. May Satguru ji give her place in His feet.

As per Gurbani " Jo Aya so chalsi, sabh ki Aie variae" One who has come to this world, must depart. "Asan bhi othae Jana" This is a reminder for all of us to live our life as per Guru's direcrtion and instructions.

This also reminds me of our Mata Ji who passed away three years ago, and your presence and Kirtan in her memory was greatly appreciated by our family.

Pritam Singh
pritamsinghtx@hotmail.com

Thanks for sending excellent Monthly Joumal, Amrit Kirtan for the last number of years. It contains very good articles, thoughtful spiritual writings and good selection of shabads with proper rags and symbols.

I am enclosing a World Money Order of $30.00 US as our subsription. Please send us receipt for it.

Pritam Singh Cheema
Sukhdev Karu Cheema
17 Lunenbrg, St. John's, NL
Canada A1A 5A5

Please convey our congratulations to Bhai Nirmal Singhji Khalsa for getting the prestigious Padma Shri 2009 award. It is a matter of great pride for the entire Sikh community. Can I request you to print his photo so that children get motivation. Can I suggest that you start a 'Childrens Column' in your esteemed magazine. This will attract children. You can publish one one article for my book 'Umar Chotti, Suujh Vaddi'.

I hope you like this idea as this way we can popularise the magazine amongst children who are the future of our community.

Satnam Kaur
Gurbani Class, Mumbai.
C/o: Pragati Software Pvt. Ltd.,
207, Lok Centre, Marol-Maroshi Road,
Marol, Andheri (E), Mumbai -400 059



Sri Satguru Jagjit Singh Ji Elibrary NamdhariElibrary@gmail.com

## ਜੀਵਨ ਜੁਗਤਾਂ ਦਾ ਮੁਤਲਾਸ਼ੀ - ਡਾ. ਕਰਨੈਲ ਸਿੰਘ ਸੋਮਲ

ਮੇਰੇ ਮਿੱਤਰ ਹਨ ਡਾਕਟਰ ਕਰਨੈਲ ਸਿੰਘ ਸੋਮਲ। ਅਸੀਂ ਇੱਕਠਿਆਂ ਉਮਰ ਦਾ ਇੱਕ ਚੌਥਾਈ ਹਿੱਸਾ ਗੁਜ਼ਾਰਿਆ। ਡਾ. ਸਾਹਿਬ ਉਮਰ ਵਿੱਚ ਮੈਥੋਂ ਵੱਡੇ ਹਨ ਇਸ ਲਈ ਮੈਂ ਆਪਣੇ ਜੀਵਣ ਦੀ ਹਰ ਤਰ੍ਹਾਂ ਦੀ ਸਲਾਹ ਉਹਨਾਂ ਕੋਲੋਂ ਲੈਂਦਾ ਰਿਹਾ ਹਾਂ। ਉਹਨਾਂ ਦੀ ਸਲਾਹ ਮੇਰੇ ਲਈ ਮੇਰੀ ਜ਼ਿੰਦਗੀ ਦੇ ਸੁਨਹਿਰੀ ਅਸੂਲਾਂ ਦਾ ਰੂਪ ਧਾਰਨ ਕਰ ਲੈਂਦੀ ਰਹੀ ਹੈ। ਕਰਨੈਲ ਸਿੰਘ ਸੋਮਲ ਜੀ ਹਰ ਵੇਲੇ ਜੀਵਨ ਜੁਗਤਾਂ ਦੀ ਤਾਲਾਸ਼ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਉਹਨਾਂ ਕੋਲ ਜੀਵਣ ਦੀਆਂ ਅਨੇਕਾਂ ਜੁਗਤਾਂ ਹਨ। ਉਹਨਾਂ ਵਿੱਚੋਂ ਇੱਕ ਜੁਗਤ ਹੈ ਕਿ ਹਰ ਬੰਦੇ ਵਿੱਚੋਂ ਉਹ ਕਈ ਚੰਗੇ ਗੁਣ ਲਭ ਲੈਂਦੇ ਹਨ। ਦੂਜੀ ਜੁਗਤ ਹੈ ਕਿ ਉਹਨਾਂ ਇਹਨਾਂ ਗੁਣਾਂ ਦੀ ਤਾਰੀਫ ਕਰਨੀ ਆਉਂਦੀ ਹੈ। ਕਈ ਵਾਰ ਇਹ ਤਾਰੀਫ ਚਿੱਠੀਆਂ ਰਾਹੀਂ ਵੀ ਕਰਦੇ ਹਨ ਚਿਠੀ ਲਿਖਣੀ ਤਾਂ ਉਹਨਾਂ ਦੀ ਇੱਕ ਵਿਸ਼ੇਸ਼ ਜੁਗਤ ਹੈ, ਉਹਨਾਂ ਦੀਆਂ ਚਿੱਠੀਆਂ ਉਹਨਾਂ ਵੱਲੋਂ ਰਚੇ ਨਿਬੰਧਾਂ ਵਾਂਗ ਹੀ ਉਤੱਮ ਸਾਹਿਤ ਦਾ ਨਮੂਨਾ ਹਨ। ਮੈਨੂੰ ਮਾਣ ਹੈ ਉਹਨਾਂ ਮੈਨੂੰ ਵੀ ਕੁਝ ਚਿੱਠੀਆਂ ਲਿਖੀਆਂ ਹਨ। ਮੇਰੀ ਰਿਟਾਇਰ ਮੈਂਟ ਤੇ ਮੈਨੂੰ ਉਹਨਾਂ ਜਿਹੜੀ ਚਿਠੀ ਲਿਖੀ ਉਹ ਛਾਪਣ ਦੀ ਖੁਸ਼ੀ ਲੈ ਰਿਹਾ ਹਾਂ। ਇਸ ਚਿੱਠੀ ਵਿੱਚ ਉਹਨਾਂ ਮੇਰੀ ਜਿਹੜੀ ਪ੍ਰਸੰਸਾ ਕੀਤੀ ਉਸ ਦਾ ਹੱਕ ਦਾਰ ਮੈਂ ਨਹੀਂ ਉਹ ਆਪ ਹੀ ਹਨ। ਕਿਉਂ ਕਿ ਇਹ ਸਾਰਾ ਕੁਝ ਮੈਂ ਉਹਨਾਂ ਕੋਲੋਂ ਹੀ ਸਿੱਖਿਆ ਹੈ। ਤੁਸੀਂ ਪਹਿਲਾਂ ਚਿਠੀ ਪੜ੍ਹੋ ਫਿਰ ਮੈਂ ਉਹਨਾਂ ਦੀ ਇੱਕ ਜੁਗਤ ਦੀ ਕਰਾਮਾਤ ਬਾਰੇ ਗੱਲ ਦੱਸਾਂਗਾ।

*ਪਹਿਲੀ ਨਵੰਬਰ 07*

*ਆਦਰਯੋਗ ਡਾਕਟਰ ਸਾਹਿਬ,*

*ਗੁਰ ਫਤਹਿ ਪ੍ਰਵਾਨ ਹੋਵੇ।*

*ਤੁਹਾਡੇ ਮਾਣ ਮੱਤੇ, ਬੋਰਡ ਦੀ ਸੇਵਾ ਦੇ ਪੰਧ ਦੇ ਸੰਪੂਰਨ ਹੋਣ 'ਤੇ ਤੁਹਾਨੂੰ ਅਤੇ ਪਰਿਵਾਰ ਨੂੰ ਮੁਬਾਰਕਾਂ। ਸੇਵਾ ਨਵਿਰਤੀ ਤੋਂ ਪਿਛੋਂ ਤੁਸੀਂ ਆਪਣੀਆਂ ਹੋਰ ਅਨੇਕਾਂ ਕਰਤਾਰੀ ਸਰਗਰਮੀਆਂ ਵਿਚ ਖੁੱਭੇ ਰਹਿਣਾ ਹੈ, ਇਸ ਦੀ ਮੈਨੂੰ ਆਸ਼ਾ ਹੈ। ਮੇਰਾ ਆਪਣਾ ਅਨੁਭਵ ਹੈ ਕਿ ਸਮਾਂ ਆਪਣੀ ਥਾਏਂ ਦਿਲਚਸਪ ਤੇ ਤਸੱਲੀ ਵਾਲਾ ਹੁੰਦਾ ਹੈ। ਤੁਹਾਡੇ ਲਈ ਅਗਲਾ ਪੰਧ ਸੁਖਾਵਾਂ, ਸੁਹਾਵਣਾ ਤੇ ਹੋਰ ਵੱਡੀਆਂ ਪ੍ਰਾਪਤੀਆਂ ਵਾਲਾ ਹੋਵੇਗਾ, ਇਸਦੀ ਮੈਂ ਦਿਲੋਂ ਕਾਮਨਾ ਕਰਦਾ ਹਾਂ। ਮੇਰੇ ਵੱਲੋਂ ਤਹਿ ਦਿਲੋਂ ਸ਼ੁਭ-ਕਾਮਨਾਵਾਂ।*

*ਮੇਰੇ ਲਈ ਮਾਣ ਦੀ ਗੱਲ ਹੈ ਕਿ ਮੈਂ ਬੋਰਡ ਦੀ ਨੌਕਰੀ ਦੇ ਸਬੰਧ ਤੁਹਾਡੇ ਸੰਪਰਕ ਵਿਚ ਆਇਆ। ਮੈਂ ਤੁਹਾਥੋਂ ਬੜਾ ਕੁਝ ਸਿੱਖਿਆ ਹੈ ਤੇ ਮਹਿਸੂਸ ਕੀਤਾ ਹੈ ਕਿ ਤੁਹਾਡੇ ਨਾਲ ਹੁੰਦਾ ਹਰ ਵਿਚਾਰ ਵਟਾਂਦਰਾ ਮੇਰੇ ਲਈ ਲਾਹੇਵੰਦ ਰਿਹਾ ਹੈ। ਮੈਨੂੰ ਆਪਣੇ ਹੋਰ ਸਹਿਕਰਮੀਆਂ ਦੇ ਗੁਣਾਂ ਦੀ ਖਾਣ ਤੱਕ ਪਹੁੰਚਣ ਦਾ ਮੌਕਾ ਨਹੀਂ ਬਣਿਆ ਪਰ ਤੁਹਾਡੇ ਕੋਲੋਂ ਮੈਂ ਨਿਰਉਚੇਚ ਬੜਾ ਕੁਝ ਖੱਟਿਆ ਹੈ। ਪ੍ਰਗਟ ਕਰਾਂ ਜਾਂ ਨਾ, ਤੁਹਾਡਾ ਮੈਂ ਸਦਾ ਰਿਣੀ ਰਹਾਂਗਾ।*

*ਤੁਸਾਂ ਆਪਣੀ ਜੀਵਨ ਕਹਾਣੀ ਕਦੇ ਲਿਖੋਗੇ ਕਿ ਨਹੀਂ, ਇਹ ਤੁਹਾਡੀ ਯੋਜਨਾ ਵਿਚ ਹੋਵੇ, ਤਦ ਇਹ ਪਾਠਕਾਂ ਲਈ ਪ੍ਰੇਰਨਾ ਦਾ ਇਕ ਸਰੋਤ ਸਾਬਤ ਹੋ ਸਕਦੀ ਹੈ। ਹੋਰ ਸਹਾਰਿਆਂ ਦੀ ਸਹਾਇਤਾ ਨਾਲ ਬਹੁਤ ਲੋਕ ਉੱਚੀਆਂ ਪੁਜੀਸ਼ਨਾਂ ਉਤੇ ਪਹੁੰਚ ਜਾਂਦੇ ਹਨ ਪਰ ਤੁਸੀਂ ਆਪਣੀ ਕਰੜੀ ਮਿਹਨਤ, ਸਾਧਨਾ, ਸਵੈਅਨੁਸ਼ਾਸ਼ਨ ਨਾਲ ਇੰਨਾ ਕੁਝ ਹਾਸਲ ਕਰ ਲਿਆ ਹੈ ਕਿ ਤੁਹਾਡੇ ਨਾਲ ਸਬੰਧਿਤ ਹਰ ਕੋਈ ਵੀ ਮਾਣ ਕਰ ਸਕਦਾ ਹੈ, ਤੁਹਾਡੇ ਲਈ ਤਾਂ ਤ੍ਰਿਪਤੀ ਦੀ ਗੱਲ ਹੈ ਹੀ। ਤੁਸੀਂ ਉਚੇਰੇ ਸਥਾਨ ਅਜੇ ਪ੍ਰਾਪਤ ਕਰਨੇ ਹਨ। ਮੇਰੀ ਖਾਹਿਸ਼ ਹੈ ਕਿ ਮੈਂ ਤੁਹਾਨੂੰ ਹੋਰ ਬੁਲੰਦੀਆਂ ਉਤੇ ਪਹੁੰਚਦੇ ਵੇਖ ਸਕਾਂ।*

*ਹਰ ਮਹੀਨੇ ਪੁੱਜਦਾ 'ਅੰਮ੍ਰਿਤ ਕੀਰਤਨ' ਮੈਨੂੰ ਯਾਦ ਦਿਲਾ ਦਿੰਦਾ ਹੈ ਕਿ ਤੁਸੀਂ ਮੈਨੂੰ ਭੁੱਲੇ ਨਹੀਂ*



Sri Satguru Jagjit Singh Ji Elibrary NamdhariElibrary@gmail.com

*ਹੋ। ਤੁਹਾਡੀ ਇਸ ਕ੍ਰਿਪਾ ਲਈ ਵੀ ਮੈਂ ਤੁਹਾਡਾ ਦਿਲੋਂ ਧੰਨਵਾਦੀ ਹਾਂ।*

*ਮੈਨੂੰ ਇਸ ਗੱਲ ਦੀ ਤਕਲੀਫ਼ ਹੈ ਕਿ ਪੰਜਾਬੀ ਵਿਕਾਸ ਕੇਂਦਰ (ਪੰਜਾਬ ਸਕੂਲ ਸਿੱਖਿਆ ਬੋਰਡ) ਜਿਨ੍ਹਾਂ ਆਸ਼ਿਆਂ ਨੂੰ ਮੁੱਖ ਰੱਖ ਕੇ ਸਥਾਪਿਤ ਕੀਤਾ ਗਿਆ ਸੀ, ਉਹ ਪੂਰੇ ਨਹੀਂ ਹੋਏ ਤੇ ਹੁਣ ਇਹ ਨਿਤਾਣੀ ਹਾਲਤ ਵਿਚ ਹੈ। ਖ਼ੈਰ, ਤੁਹਾਡੀ ਰਿਟਾਇਰਮੈਂਟ ਹੋਣ ਤੇ ਇਹ ਖਰਵਾ ਖਿਆਲ ਮੇਰੇ ਮਨ ਵਿਚ ਨਹੀਂ ਸੀ ਆਉਣਾ ਚਾਹੀਦਾ।*

*ਤੁਹਾਨੂੰ ਇਹ ਪੱਤਰ ਲਿਖਦਿਆਂ ਬਹੁਤ ਕੁਝ ਮੇਰੇ ਮਨ ਵਿਚ ਆ ਰਿਹਾ ਹੈ। ਔਪਰ ਸੰਜਮ ਦੀ ਵਰਤੋਂ ਕਰਦਾ ਹੋਇਆ ਤੁਹਾਡੀ ਲੰਮੀ ਸਿਹਤਮੰਦ ਉਮਰ, ਭੈਣ ਜੀ ਦੇ ਸੁਖਾਵੇਂ ਸਾਥ ਤੇ ਬੱਚਿਆਂ ਦੀ ਹਰ ਦਿਨ ਕਾਮਯਾਬੀ ਤੇ ਹੋਰ ਬਹੁਤ ਸਾਰਾ ਜੋ ਜ਼ਿੰਦਗੀ ਵਿਚ ਚੰਗਾ ਚਿਤਵਿਆ ਜਾ ਸਕਦਾ ਹੈ ਦੀ ਕਾਮਨਾ ਤੁਹਾਡੇ ਲਈ ਕਰਦਾ ਹਾਂ।*

*ਤੁਹਾਡਾ ਸ਼ੁਭਚਿੰਤਕ*
*ਕਰਨੈਲ ਸਿਘ ਸੋਮਲ*

ਮੈਨੂੰ ਅਜੇ ਵੀ ਯਾਦ ਹੈ ਜਦੋਂ ਉਹਨਾਂ ਨੇ ਆਪਣਾ ਮਕਾਨ ਬਣਾਇਆ ਤੇ ਮੈਨੂੰ ਵੀ ਆਪਣਾ ਮਕਾਨ ਬਣਾਉਣ ਦੀ ਪ੍ਰੇਰਨਾਂ ਦੇਣ ਲੱਗੇ ।ਮੇਰੇ ਕੋਲ ਉਸ ਵੇਲੇ ਕੋਈ ਪੈਸਾ ਨਹੀਂ ਸੀ। ਨੌਕਰੀ ਤੋਂ ਮਕਾਨ ਬਣਾਉਣ ਲਈ ਜਿਤਨਾ ਕਰਜ਼ਾ ਮਿਲਦਾ ਸੀ ਉਸ ਨਾਲ ਮਕਾਨ ਬਣਨਾ ਅਸੰਭਵ ਸੀ। ਮੈਂ ਉਹਨਾਂ ਨੂੰ ਕਿਹਾ-

> ਇਸ ਹਾਲਤ ਵਿੱਚ ਮਕਾਨ ਬਣਾਉਣ ਬਾਰੇ ਆਪਾਂ ਕਿਵੇਂ ਸੋਚ ਸਕਦੇ ਹਾਂ ?

+ ਉਹ ਕਹਿਣ ਲੱਗੇ- ਆਪਾਂ ਜਤਨ ਤਾਂ ਕਰੀਏ।

> ਮੈਂ ਪੁਛਿਆ- ਕਿਵੇਂ ?

+ ਤੁਹਾਡੇ ਬੈਂਕ ਵਿੱਚ ਕਿਤਨੇ ਪੈਸੇ ਹਨ ?

> ਕੇਵਲ ਤਿੰਨ ਸੌ ਰੁਪਏ ?

+ ਬਸ ਇਹ ਆਪਣਾ ਮਕਾਨ ਬਣਾਉਣ ਦਾ ਅਕਾਊਂਟ ਖੁੱਲ ਗਿਆ।ਹੁਣ ਆਪਾਂ ਮਕਾਨ ਦੇਖਣਾ ਅਰੰਭ ਕਰ ਦੇਈਏ।

ਅਸੀਂ ਮੁਹਾਲੀ ਵਿੱਚ ਬੜੀ ਢੁਕਵੀਂ ਥਾਂ ਮਕਾਨ ਦੇਖਿਆ।

ਸੋਮਲ ਸਾਹਿਬ ਕਹਿਣ ਲੱਗੇ - ਪਸੰਦ ਹੈ ?

> ਮੈਂ ਕਿਹਾ- ਬਿਲਕੁਲ ਪਸੰਦ ਹੈ।

ਮੈਂ ਸ਼ਰਮ ਦਾ ਮਾਰਾ ਅਜੇ ਘਰ ਗੱਲ ਨਹੀਂ ਸੀ ਕਰ ਰਿਹਾ। ਫਿਰ ਉਹਨਾਂ ਮੈਨੂੰ ਪ੍ਰਾਵੀਡੈਂਟ ਫੰਡ ਵਿੱਚੋਂ ਕਰਜ਼ਾ ਲੈਣ ਲਈ ਕਿਹਾ। ਇਸ ਵਿੱਚੋਂ ਕੇਵਲ ਪੈਂਤੀ ਸੌ ਰੁਪਏ ਕਰਜ਼ਾ ਮਿਲਿਆ।

+ ਕਹਿਣ ਲੱਗੇ- ਚੱਲੋ ਮਕਾਨ ਦਾ ਬਿਆਨਾ ਕਰ ਲਈਏ।

> ਮੈਂ ਕਿਹਾ- ਸੋਮਲ ਸਾਹਿਬ, ਪੈਸਾ ਆਪਣੇ ਕੋਲ ਬਿਆਨਾ ਕਰਨ ਨੂੰ ਵੀ ਨਹੀਂ ਤੁਸੀਂ ਮਕਾਨ ਖਰੀਦਣ ਦੀਆਂ ਗੱਲਾਂ ਕਰਦੇ ਹੋ।

+ ਕਹਿਣ ਲੱਗੇ -ਚੱਲੋ ਬਿਆਨੇ ਦੀ ਰਕਮ ਮੈਂ ਦਿੰਦਾ ਹਾਂ।

ਉਹਨਾਂ ਬਿਆਨਾ ਕਰਵਾ ਦਿੱਤਾ।

+ ਚਲੋ ਹੁਣ ਆਪਾਂ ਬੋਰਡ ਤੋਂ ਕਰਜਾ ਲੈਣ ਲਈ ਅਰਜੀ ਦੇ ਦੇਈਏ।

ਹੁਣ ਮੈਂ ਜਿਵੇਂ ਉਹ ਕਹਿੰਦੇ ਕਰੀ ਜਾਂਦਾ। ਸਾਨੂੰ ਬੋਰਡ ਕੋਲੋਂ ਕੇਵਲ ਪਚਵੰਜਾ ਹਜਾਰ ਰੁਪਏ ਕਰਜਾ ਮਿਲਿਆ ਤੇ ਮਕਾਨ ਦੀ ਕੀਮਤ ਸੀ ਇੱਕ ਲੱਖ ਵੀਹ ਹਜਾਰ ਰੁਪਏ।

+ ਕਹਿਣ ਲੱਗੇ - ਬਸ ਹਾਥੀ ਲੰਘ ਗਿਆ ਹੁਣ ਪੂਛ ਹੀ ਰਹਿੰਦੀ ਹੈ।

> ਮੈਂ ਕਿਹਾ- ਹੁਣ ਬਾਕੀ ਪੈਸੇ ਕਿਥੋਂ ਆਉਣਗੇ।

ਰਜਿਸਟਰੀ ਵਗੈਰਾ ਖਰਚਾ ਪਾ ਕੇ ਸਾਨੂੰ ਕੋਈ ਅੱਸੀ ਹਜਾਰ ਰੁਪਏ ਚਾਹੀਦੇ ਸਨ।

+ ਸੋਮਲ ਸਾਹਿਬ ਕਹਿਣ ਲੱਗੇ -ਹੁਣ ਇੱਕ ਲਿਸਟ ਬਣਾਓ।



Sri Satguru Jagjit Singh Ji Elibrary NamdhariElibrary@gmail.com

➤ ਮੈਂ ਕਿਹਾ- ਕਾਹਦੀ ਲਿਸਟ, ਤੁਸੀਂ ਹੁਣ ਤਕ ਜਿਸ ਕਿਸੇ ਨੂੰ ਵੀ ਮਿਲੇ ਹੋ ਉਸ ਦੀ ਲਿਸਟ । ਮੈਨੂੰ ਇਹ ਇੱਕ ਖੇਡ ਜਿਹੀ ਲੱਗੀ। ਅਸੀਂ ਲਿਸਟ ਬਣਾਉਣੀ ਅਰੰਭ ਕੀਤੀ। ਕੋਈ ਸੱਠ ਕੁ ਬੰਦਿਆਂ ਦੀ ਲਿਸਟ ਬਣੀ।

• ਹੁਣ ਹਰ ਬੰਦੇ ਕੋਲ ਜਾਓ ਤੇ ਸਾਰੀ ਗੱਲ ਦੱਸ ਕੇ ਕੇਵਲ ਪੰਜ ਹਜਾਰ ਕਰਜੇ ਦੀ ਮੰਗ ਕਰੋ।

ਮੈਨੂੰ ਬੜੀ ਸ਼ਰਮ ਆਵੇ। ਕਿਸੇ ਕੋਲੋਂ ਕਰਜ਼ਾ ਮੰਗਿਆ ਹੀ ਨਹੀਂ । ਹੌਸਲਾ ਕਰਕੇ ਜਾਣਾ ਸ਼ੁਰੂ ਕੀਤਾ । ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਲੋਕਾਂ ਮੈਨੂੰ ਖੁਸ਼ੀ ਖੁਸ਼ੀ ਕਰਜ਼ਾ ਦੇਣਾ ਮੰਨ ਲਿਆ। ਕਿਸੇ ਕਿਸੇ ਨੇ ਤਾਂ ਦਸ ਹਜ਼ਾਰ ਅਤੇ ਕਿਸੇ ਨੇ ਦੋ ਹਜ਼ਾਰ ਇੱਕ ਸੱਜਣ ਨੇ ਤਾਂ ਕੇਵਲ ਪੰਜ ਸੌ ਰੁਪਏ ਦੇ ਕੇ ਵੀ ਹਿੱਸਾ ਪਾਇਆ। ਅਸੀਂ ਸ਼ਰਤ ਇਹ ਰੱਖੀ ਹੋਈ ਸੀ ਕਿ ਕੋਈ ਸਾਡੇ ਕੋਲੋਂ ਵਾਪਸ ਨਹੀਂ ਮੰਗੇਗਾ ਸਗੋਂ ਜਦੋਂ ਹੋਵੇਗਾ ਅਸੀਂ ਖੁਦ ਹੀ ਓਦੋਂ ਦਿਆਂਗੇ। ਸਾਡੇ ਕੋਲ ਲਗਭਗ ਇੱਕ ਲੱਖ ਰੁਪਿਆ ਇੱਕਠਾ ਹੋ ਗਿਆ। ਅਸੀਂ ਮਕਾਨ ਦੀ ਰਜਿਸਟਰੀ ਕਰਵਾਈ ਤੇ ਥੋੜਾ ਬਹੁਤ ਖਰਚਾ ਕਰਕੇ ਕਿਰਾਏ ਦੇ ਮਕਾਨ ਤੋਂ ਆਪਣੇ ਘਰ ਵਿੱਚ ਆ ਗਏ। ਮਕਾਨ ਦਾ ਕਿਰਾਇਆ ਬਚਣਾ ਸ਼ੁਰੂ ਹੋ ਗਿਆ। ਬੋਰਡ ਕੋਲੋਂ ਲਏ ਕਰਜ਼ੇ ਦੀ ਕਿਸ਼ਤ ਕੱਟ ਕੇ ਵੀ ਦੋ ਕੁ ਹਜ਼ਾਰ ਬਚ ਜਾਂਦੇ ਸੀ। ਅਸੀਂ ਹੌਲੀ ਹੌਲੀ ਕਰਜ਼ਾ ਲਾਹੁਣਾ ਸ਼ੁਰੂ ਕਰ ਦਿੱਤਾ। ਇੰਜ ਡਾਕਟਰ ਕਰਨੈਲ ਸਿੰਘ ਸੋਮਲ ਹੋਰਾਂ ਦੀ ਜੁਗਤ ਦੀ ਕਰਾਮਾਤ ਨਾਲ ਮੇਰਾ ਆਪਣਾ ਘਰ ਬਣਿਆ।

## ਸ਼ੋਕ ਸਮਾਚਾਰ

ਸਾਡੇ ਪਿਆਰੇ ਸ. ਜੋਤਿੰਦਰ ਸਿੰਘ ਸੋਹਲ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਨੇ ਇਸ ਮੈਗਜ਼ੀਨ ਨੂੰ ਇਕ ਮਿਆਰੀ ਸਰੂਪ ਦਿੱਤਾ ਅਤੇ ਪਿਛਲੇ ਕਈ ਸਾਲਾਂ ਤੋਂ ਲੇ-ਆਊਟ ਦੀ ਸੇਵਾ ਕਰਦੇ ਆ ਰਹੇ ਸਨ। ਇਸ ਨਾਲ ਅੰਮ੍ਰਿਤ ਕੀਰਤਨ ਨੂੰ ਵੱਡਾ ਘਾਟਾ ਪਿਆ ਹੈ। ਅਸੀਂ ਅੰਮ੍ਰਿਤ ਕੀਰਤਨ ਟ੍ਰਸਟ ਵੱਲੋਂ ਸੋਹਲ ਸਾਹਿਬ ਨੂੰ ਭਾਵ ਭਿਨੀ ਸ਼ਰਧਾਂਜਲੀ ਅਰਪਣ ਕਰਦੇ ਹਾਂ।

ਸੰਪਾਦਕ






Sri Satguru Jagjit Singh Ji Elibrary NamdhariElibrary@gmail.com

# ਢਾਡੀ ਸਮਰਾਟ ਸਰਦਾਰ ਸੋਹਣ ਸਿੰਘ ਸੀਤਲ

ਡਾ. ਨਵਜੋਤ ਕੌਰ ਕਸੇਲ

ਪੰਜਾਬ ਦੇ ਸਭਿਆਚਾਰ ਜੀਵਨ ਵਿੱਚ ਸਰਦਾਰ ਸੋਹਣ ਸਿੰਘ ਸੀਤਲ ਦਾ ਨਾਮ ਬਹੁਤ ਪ੍ਰਸਿਧ ਅਤੇ ਜਾਣਿਆ ਪਛਾਣਿਆ ਹੈ। ਉਹ ਇਕ ਪ੍ਰਤਿਭਾਵਾਨ ਵਿਅਕਤਿਤਵ ਦੇ ਸੁਆਮੀ ਸਨ ਅਤੇ ਉਨ੍ਹਾਂ ਦੀ ਪ੍ਰਤਿਭਾ ਬਹੁ-ਮੁਖੀ ਸੀ, ਪੰਜਾਬ ਦੇ ਜਨ-ਸਧਾਰਣ ਵਿੱਚ ਉਹ ਇਕ ਸ਼੍ਰੋਮਣੀ ਤੇ ਹਰਮਨਪਿਆਰੇ ਢਾਡੀ ਦੇ ਰੂਪ ਦੇ ਤੌਰ ਤੇ ਜਾਣੇ ਜਾਂਦੇ ਹਨ ਅਤੇ ਸਿਖ ਜਗਤ ਵਿਚ ਢਾਡੀ ਗਾਇਕ ਅਤੇ ਪ੍ਰਚਾਰਕ ਦੇ ਨਾਤੇ ਉਨ੍ਹਾਂ ਨੂੰ ਚੋਖਾ ਸਤਿਕਾਰ ਮਿਲਿਆ ਹੈ। ਬਹੁਤ ਪੜ੍ਹੇ ਲਿਖੇ ਅਤੇ ਸਾਹਿਤਕ ਖੇਤਰਾਂ ਵਿਚ ਉਨ੍ਹਾਂ ਨੂੰ ਇਕ ਉਘੇ ਸਾਹਿਤਕਾਰ ਵਜੋਂ ਜਾਣਿਆ ਜਾਂਦਾ ਹੈ। ਨਾਵਲਕਾਰ, ਕਵੀ, ਕਹਾਣੀਕਾਰ ਤੋਂ ਬਿਨਾਂ ਉਹ ਪ੍ਰਮੁਖ ਇਤਿਹਾਸਕਾਰ ਅਤੇ ਇਤਿਹਾਸ ਖੋਜੀ ਦੇ ਤੌਰ ਤੇ ਵੀ ਜਾਣੇ ਜਾਂਦੇ ਹਨ। ਆਪ ਨੇ ਆਪਣੇ ਜਵਿਨ ਦੇ 50-60 ਸਾਲ ਪੰਜਾਬ ਸਭਿਆਚਾਰ ਦੇ ਵਿਕਾਸ ਅਤੇ ਵਾਧੇ ਲਈ ਸਮਰਪਤ ਕੀਤੇ ਹਨ। ਇਹੋ ਕਾਰਨ ਹੈ ਕਿ ਆਪ ਦਾ ਇਨ੍ਹਾਂ ਸਾਰੇ ਖੇਤਰਾਂ ਵਿਚ ਦਿਤਾ ਗਿਆ ਯੋਗਦਾਨ ਵਿਸ਼ੇਸ਼ ਗੌਰਵ ਦਾ ਧਾਰਨੀ ਹੈ।

ਸਰਦਾਰ ਸੋਹਣ ਸਿੰਘ ਸੀਤਲ ਦਾ ਜਨਮ ਅਣਵੰਡੇ ਪੰਜਾਬ ਦੇ ਲਾਹੌਰ ਜ਼ਿਲੇ ਦੀ ਕਸੂਰ ਤਸੀਲ ਦੇ ਇਕ ਪਿੰਡ ਕਾਦੀਵਿੰਡ ਵਿਚ 7 ਅਗਸਤ 1909 ਨੂੰ ਹੋਇਆ। ਇਹ ਪਿੰਡ ਇਕ ਬੰਨੇ ਕਸੂਰ ਤੋਂ 4-5 ਮੀਲ ਦੀ ਵਿੱਥ ਉਤੇ ਹੈ ਅਤੇ ਦੂਜੇ ਬੰਨੇ ਭਾਰਤ ਦੀ ਵਰਤਮਾਨ ਸਰਹੱਦ ਖੇਮਕਰਨ ਦੇ ਐਨ ਨੇੜੇ ਹੈ,ਅਜਕਲ ਪਾਕਿਸਤਾਨ ਦਾ ਭਾਗ ਹੈ। ਇਸ ਇਲਾਕੇ ਨੂੰ ਖਾਰਾ ਮਾਝਾ ਕਰ ਕੇ ਜਾਣਿਆ ਜਾਂਦਾ ਹੈ ਅਤੇ ਇਸ ਦਾ ਵਰਣਨ ਸੀਤਲ ਜੀ ਨੇ ਆਪਣੀਆਂ ਪੁਸਤਕਾਂ, ਨਾਵਲਾਂ, ਜੁਗ ਬਦਲ ਗਿਆ, ਤੂਤਾਂ ਵਾਲਾ ਖੂਹ ਅਤੇ ਸਵੈ-ਜੀਵਨੀ ਵੇਖੀ ਮਾਣੀ ਦੁਨੀਆਂ ਵਿਚ ਬੜੀ ਸੁੰਦਰਤਾ ਨਾਲ ਕੀਤਾ ਹੈ। ਆਪ ਜੱਟ ਪਰਿਵਾਰ ਦੀ ਪੰਨੂ ਗੋਤ ਨਾਲ ਸਬੰਧ ਰਖਦੇ ਸਨ ਅਤੇ ਆਪ ਦੇ ਵਡੇ-ਵਡੇਰੇ ਪਿਛਲੇ ਡੇਢ ਕੁ ਸੌ ਸਾਲ ਤੋਂ ਇਸੇ ਪਿੰਡ ਦੇ ਨਿਵਾਸੀ ਰਹੇ ਹਨ। ਆਪ ਦੇ ਪਿਤਾ ਦਾ ਨਾਮ ਸਰਦਾਰ ਖ਼ੁਸ਼ਹਾਲ ਸਿੰਘ ਅਤੇ ਮਾਤਾ ਬੀਬੀ ਦਿਆਲ ਕੌਰ ਸੀ। ਇਹ ਪਰਿਵਾਰ ਇਸ ਪਿੰਡ ਵਿਚ ਆਪਣੀ ਜਾਤੀ ਮਲਕੀਅਤ ਕਾਰਨ ਪਿੰਡ ਦੇ ਖ਼ੁਸ਼ਹਾਲ ਪਰਿਵਾਰਾਂ ਵਿਚੋਂ ਸੀ। ਸੀਤਲ ਜੀ ਦਾ ਜਨਮ ਕਈ ਭੈਣਾਂ ਪਿਛੋਂ ਹੋਇਆ ਸੀ। ਮਾਤਾ -ਪਿਤਾ ਦਾ ਇਕਲੌਤਾ ਪੁੱਤਰ ਹੋਣ ਕਾਰਣ ਆਪ ਦਾ ਆਰੰਭਕ ਜੀਵਨ ਬੜੇ ਲਾਡ-ਪਿਆਰ ਵਿਚ ਗੁਜ਼ਰਿਆ ਹੈ। ਆਪ ਦੇ ਨਾਨਕੇ ਪਿੰਡ ਜਗਤਪੁਰਾ ਜ਼ਿਲਾ ਅੰਮ੍ਰਿਤਸਰ ਵਿਚ ਸਨ। ਆਪ ਦੇ ਨਾਨਾ ਜੀ ਬਾਬਾ ਸ਼ਾਮ ਸਿੰਘ ਸਿਖੀ ਰਹਿਤ-ਮਰਿਆਦਾ ਵਿਚ ਪਕੇ ਅੰਮ੍ਰਿਤਧਾਰੀ ਸਿਖ ਅਤੇ ਬੜੇ ਪਰ-ਉਪਕਾਰੀ ਜਿਊੜੇ ਸਨ। ਸੀਤਲ ਜੀ ਵਿਚ ਗੁਰੂ ਘਰ ਪ੍ਰਤੀ ਸ਼ਰਧਾ ਅਤੇ ਆਦਰਸ਼ਕ ਸਿਖੀ ਜੀਵਨ ਲਈ ਪ੍ਰੇਮ ਅਤੇ ਲਗਨ ਉਨ੍ਹਾਂ ਦੇ ਕਾਰਣ ਹੀ ਉਤਪੰਨ ਹੋਈ ਸੀ।

ਆਪ ਦਾ ਜਨਮ-ਪਿੰਡ ਇਕ ਅਜਿਹੇ ਇਲਾਕੇ ਵਿਚ ਸੀ ਜਿਥੇ ਵਿਦਿਆ ਦਾ ਪ੍ਰਚਾਰ ਬੜਾ ਘਟ ਸੀ। ਸਿੰਘ ਸਭਾ ਲਹਿਰ ਦੇ ਪ੍ਰਭਾਵ ਥਲੇ ਜਦੋਂ ਪਿੰਡ ਵਿਚ ਵੀ ਧਰਮ ਪ੍ਰਚਾਰ ਹੋਣ ਲੱਗਾ ਤਾਂ ਉਨ੍ਹਾਂ ਨੇ ਵੀ ਆਪਣੀ ਆਰੰਭਕ ਪੜ੍ਹਾਈ ਪਿੰਡ ਦੇ ਨਵ-ਸਥਾਪਿਤ ਗੁਰਦੁਆਰੇ ਦੇ ਭਾਈ ਤੋਂ ਹੀ ਪ੍ਰਾਪਤ ਕੀਤੀ। ਫਿਰ ਪਿੰਡ ਵਿਚ ਸਕੂਲ ਖੁਲ ਜਾਣ ਉਤੇ ਪ੍ਰਾਇਮਰੀ ਅਤੇ ਫਿਰ ਗੌਰਮਿੰਟ ਹਾਈ ਸਕੂਲ , ਕਸੂਰ ਤੋਂ ਮੈਟ੍ਰਿਕ ਪਾਸ ਕੀਤੀ। ਪਿਛੋਂ ਗਿਆਨੀ ਦੀ ਪਰੀਖਿਆ ਵੀ ਪਾਸ ਕਰ ਲਈ। ਸਕੂਲ ਦੇ ਸਮੇਂ ਤੋਂ ਹੀ ਉਨ੍ਹਾਂ ਅੰਦਰ ਸਾਹਿਤਕ ਰੁਚੀ ਜਾਗ ਪਈ ਸੀ। ਉਹ ਪੰਜਾਬੀ ਤੇ ਉਰਦੂ ਵਿਚ ਕਵਿਤਾ ਲਿਖਣ ਲਗ ਪਏ ਸਨ। ਸਟੇਜ ਉਤੇ ਭਾਸ਼ਣ ਦੇਣ ਅਤੇ ਕਵਿਤਾ ਬੋਲਣ ਦਾ ਸ਼ੌਕ ਇਸ ਸਮੇਂ ਤੋਂ ਹੀ ਉਨ੍ਹਾ ਦੇ ਮਨ ਵਿਚ ਉਤਪੰਨ ਹੋ ਗਿਆ ਸੀ।

ਸਰਦਾਰ ਸੋਹਣ ਸਿੰਘ ਸੀਤਲ ਇਕ ਸੰਵੇਦਨਸ਼ੀਲ



Sri Satguru Jagjit Singh Ji Elibrary NamdhariElibrary@gmail.com

ਵਿਅਕਤੀ ਸਨ, ਜਿਹਾ ਕਿ ਹਰ ਸਾਹਿਤਕਾਰ ਤੇ ਉਚਕੋਟੀ ਦਾ ਕਲਾਕਾਰ ਹੁੰਦਾ ਹੈ। ਮਨੁਖ ਅੰਦਰਲੀ ਮਹੱਤਵ ਅਕਾਂਖਿਆ ਦੀ ਪ੍ਰਵਿਰਤੀ ਪ੍ਰਤਿਭਾਵਾਨ ਵਿਅਕਤੀਆਂ ਵਿਚ ਲੋੜ ਤੋਂ ਵਧੇਰੇ ਹੁੰਦੀ ਹੈ। ਅਜਿਹਾ ਵਿਅਕਤੀ ਸਮਾਜ ਵਿਚ ਆਪਣੇ ਨਾਮ ਨੂੰ ਪ੍ਰਸਿਧ ਹੋਣਾ ਵੇਖਣਾ ਲੋਚਦਾ ਹੈ। ਇਸੇ ਕਾਰਨ ਉਨ੍ਹਾਂ ਦੀ ਅੰਦਰਲੀ ਕਲਾਮਈ ਰੁਚੀ ਵਧੇਰੇ ਜਾਗਰੂਕ ਹੋ ਕੇ ਭਿੰਨ-ਭਿੰਨ ਖੇਤਰਾਂ ਵਿਚ ਪ੍ਰਵਾਹਿਤ ਹੋਣ ਲਗਦੀ ਹੈ। ਸੀਤਲ ਜੀ ਦੀ ਪ੍ਰਤਿਭਾ ਦੇ ਵਿਕਾਸ ਦੀ ਕਥਾ ਵੀ ਕੁਝ ਇਸੇ ਪ੍ਰਕਾਰ ਦੀ ਹੈ। ਉਨ੍ਹਾਂ ਦੇ ਅੰਦਰਲਾ ਜਮਾਂਦਰੂ ਕਵੀ ਅਤੇ ਲੇਖਕ ਹੀ ਇਕ ਢਾਡੀ ਗਾਇਕ, ਪ੍ਰਚਾਰਕ ਅਤੇ ਸਾਹਿਤਕਾਰ ਦੇ ਤੌਰ ਤੇ ਵਿਕਸਤ ਹੋਇਆ ਸੀ। ਪਰ ਇਸ ਨੂੰ ਵਿਕਸਤ ਕਰਨ ਲਈ ਜਿਵੇਂ ਹਰ ਉਚਕੋਟੀ ਦੇ ਕਲਾਕਾਰ ਨੂੰ ਸਾਧਨਾ ਕਰਨੀ ਪੈਂਦੀ ਹੈ। ਸੀਤਲ ਜੀ ਨੂੰ ਵੀ ਆਪਣੇ ਜੀਵਨ ਵਿਚ ਕਲਾ ਯਾਤਰੂ ਦੇ ਰੂਪ ਵਿਚ ਬੜੀ ਲੰਮੀ ਸਾਧਨਾ ਤੇ ਪ੍ਰੀਸ਼ਰਮ ਕਰਨਾ ਪਿਆ ਹੈ। ਫਿਰ ਵੀ ਜਿਵੇਂ ਕਿਹਾ ਜਾਂਦਾ ਹੈ , ਕਵੀ ਬਣਦੇ ਨਹੀਂ ਜੰਮਦੇ ਹਨ। ਸੀਤਲ ਜੀ ਦੀ ਪ੍ਰਤਿਭਾ ਵੀ ਜਨਮ ਸਿਧ ਰੂਪ ਵਿਚ ਹੀ ਉਪਜੀ ਅਤੇ ਪ੍ਰਫੁਲਿਤ ਹੋਈ ਹੈ।

ਅਜਿਹੇ ਵਿਅਕਤਿਆਂ ਦੇ ਸਬੰਧ ਵਿਚ ਇਹ ਪ੍ਰਤਿਭਾ ਕੁਦਰਤ ਦੀ ਮਹਾਨ ਦੇਣ ਅਤੇ ਇਕ ਕਰਤਾਰੀ ਕਰਮ ਹੀ ਹੁੰਦਾ ਹੈ।

ਬਚਪਨ ਵਿਚ ਹੀ ਸੀਤਲ ਜੀ ਨੂੰ ਟੱਪੇ ਜੋੜਨ ਅਤੇ ਕਵਿਤਾ ਰਚਨ ਦਾ ਸ਼ੌਕ ਪੈਦਾ ਹੋ ਗਿਆ। 1924 ਵਿਚ ਉਨ੍ਹਾਂ ਦੀ ਇਕ ਕਵਿਤਾ ਰੋਜ਼ਾਨਾ ਅਕਾਲੀ ਵਿਚ ਛਪੀ । ਇਸ ਤੋਂ ਪਿਛੋਂ ਉਹ ਪ੍ਰਸਿਧ ਪੰਜਾਬੀ ਦੇਸ ਭਗਤ ਕਵੀ ਸਰਦਾਰ ਮੁਨਸ਼ਾ ਸਿੰਘ ਦੁਖੀ ਦੇ ਸੰਪਰਕ ਵਿਚ ਆ ਗਏ, ਜੋ ਕਲਕੱਤੇ ਤੋਂ ਆਪਣਾ ਮਾਸਕ ਪੱਤਰ( ਕਵੀ) ਪ੍ਰਕਾਸ਼ਿਤ ਕਰਦੇ ਹੁੰਦੇ ਸਨ। ਇਹ ਉਹ ਸਮਾਂ ਸੀ, ਜਦੋਂ ਅਕਾਲੀ ਲਹਿਰ ਦੇ ਪ੍ਰਭਾਵ ਥਲੇ ਸਿੱਖ ਜਗਤ ਵਿਚ ਧਾਰਮਕ ਪ੍ਰਵਿਰਤੀਆਂ ਜ਼ੋਰ ਪਕੜ ਰਹੀਆਂ ਸਨ ਅਤੇ ਕੌਮੀ ਲਹਿਰਾਂ ਦੇ ਪ੍ਰਭਾਵ ਥਲੇ ਦੇਸ਼ ਵਿਚ ਆਜ਼ਾਦੀ ਲਈ ਨਵੀਂ ਲਹਿਰ ਪੈਦਾ ਹੋ ਰਹੀ ਸੀ। ਪਰ ਪੰਜਾਬ ਦਾ ਪੁਰਾਣਾ ਸਭਿਆਚਾਰ ਵੀ ਨਾਲੋ ਨਾਲ ਚਲ ਰਿਹਾ ਸੀ। ਪਿੰਡਾਂ ਵਿਚ ਰਾਸ ਧਾਰੀਏ ਆ ਕੇ ਆਪਣੇ ਅਖਾੜੇ ਲਾਇਆ ਕਰਦੇ ਸਨ ਅਤੇ ਸਾਰੀ ਸਾਰੀ ਰਾਤ ਲੋਕਾਂ ਦਾ ਮਨ ਪ੍ਰਚਾਵਾ ਕਰਦੇ ਰਹਿੰਦੇ ਸਨ। ਰਸਾਲੂ, ਪੂਰਨ ਅਤੇ ਹਰੀ ਚੰਦ ਆਦਿ ਲੋਕ ਨਾਇਕਾਂ ਦੀਆਂ ਕਥਾਵਾਂ ਦਾ ਅਭਿਨੈ ਕਰਕੇ ਨ੍ਰਿਤ, ਨਾਟ ਅਤੇ ਗਾਇਨ ਦੀ ਰਲਵੀਂ ਰਾਸ ਰਚਾ ਦੇਂਦੇ ਸਨ। ਪਿੰਡਾਂ ਦੇ ਲੋਕ ਅਤੇ ਖਾਸ ਕਰਕੇ ਨਵਾਂ ਪੋਚ ਇਨ੍ਹਾਂ ਦੀਆ ਗਾਈਆਂ ਹੋਈਆਂ ਧੁਨਾਂ ਨੂੰ ਕੰਠ ਕਰ ਲੈਂਦੇ ਅਤੇ ਰਾਸ ਧਾਰੀਆਂ ਦੇ ਪਿੰਡ ਵਿਚੋਂ ਚਲੇ ਜਾਣ ਪਿਛੋਂ ਵੀ ਉਨ੍ਹਾਂ ਦੀ ਸ਼ੈਲੀ ਵਿਚ ਗਾ ਤੇ ਨਚ ਕੇ ਆਪਣਾ ਮਨੋਰੰਜਨ ਕਰ ਲੈਂਦੇ ਸਨ।

ਨਵੇਂ ਉਭਰਦੇ ਕਵੀ ਸੋਹਣ ਸਿੰਘ ਸੀਤਲ ਦੇ ਮਨ ਉਤੇ ਵੀ ਇਨ੍ਹਾਂ ਰਾਸਾਂ ਦਾ ਪ੍ਰਭਾਵ ਤਾਂ ਪੈਂਦਾ ਸੀ, ਪਰ ਧਾਰਮਿਕ ਪ੍ਰਵਿਰਤੀ ਦੇ ਹੋਣ ਕਾਰਣ ਉਨ੍ਹਾਂ ਮਹਿਫਲਾਂ ਵਿਚ ਸ੍ਰੋਤੇ ਤੇ ਦਰਸ਼ਕ ਵਜੋਂ ਸ਼ਾਮਲ ਨਹੀਂ ਸੀ ਹੁੰਦੇ। ਪਰ ਆਪਣੇ ਘਰ ਬੈਠੇ ਉਨ੍ਹਾਂ ਦੇ ਗਾਣਿਆਂ ਨੂੰ ਸੁਣਦੇ ਜ਼ਰੂਰ ਰਹਿੰਦੇ ਸੀ। ਜਦੋਂ ਇਕ ਵਾਰ ਪਿੰਡ ਵਿਚ ਰਾਸ ਧਾਰੀਏ ਆਏ ਤਾਂ ਕਈ ਦਿਨਾਂ ਤਕ ਉਨ੍ਹਾਂ ਦੇ ਜਾਣ ਪਿਛੋਂ ਵੀ ਉਨ੍ਹਾਂ ਦੀ ਚਰਚਾ ਚਲਦੀ ਰਹੀ। ਕੁਝ ਨੌਜਵਾਨਾਂ ਨੇ ਆਪਣੀ ਟੋਲੀ ਬਣਾ ਕੇ ਇਕ ਗਾਇਕ ਮੰਡਲੀ ਬਣਾਉਣ ਦਾ ਫੈਸਲਾ ਕੀਤਾ ਅਤੇ ਪਿੰਡ ਵਿਚੋਂ ਵਧੇਰੇ ਪੜ੍ਹਿਆ ਲਿਖਿਆ ਹੋਣ ਕਾਰਣ ਸੀਤਲ ਜੀ ਨੂੰ ਆਪਣਾ ਆਗੂ ਬਣਾਉਣਾ ਚਾਹਿਆ।

ਸੀਤਲ ਜੀ ਦੇ ਪਿਤਾ ਦਾ ਦਿਹਾਂਤ ਉਨ੍ਹਾਂ ਦੀ ਛੋਟੀ ਉਮਰ ਵਿਚ ਹੀ ਹੋ ਗਿਆ ਸੀ ਅਤੇ ਫਿਰ ਉਹ ਇਕਲੇ ਹੀ ਗ੍ਰਿਹਸਤ ਦੀ ਗੱਡੀ ਅਤੇ ਜ਼ਿਮੀਦਾਰੀ ਦੇ ਕਿੱਤੇ ਨੂੰ ਨਿਭਾਉਣ ਲਗ ਪਏ ਸਨ, ਪਰ ਵਡੀ ਢੇਰੀ ਦੇ ਮਾਲਕ ਹੋਣ ਕਾਰਣ ਵੀ ਉਨ੍ਹਾਂ ਦੇ ਸ਼ਰੀਕ ਅਤੇ ਉਨ੍ਹਾਂ ਦਾ ਚਾਚਾ, ਉਸ ਦੀ ਫਸਲ ਨੂੰ ਉਜਾੜ ਦਿਆ ਕਰਦੇ ਸਨ। ਸੀਤਲ ਜੀ ਦੇ ਪਿਤਾ ਕਿਹਾ ਕਰਦੇ ਸਨ ਬੰਦੇ ਦਾ ਨਾਮ ਜ਼ਰੂਰ ਰਹਿਣਾ ਚਾਹੀਦਾ ਹੈ। ਜਾਂ ਤਾਂ ਉਹ ਬੁਰਿਆਈ ਤੋਂ ਰਹਿੰਦਾ ਹੈ ਜਾਂ ਭਲਿਆਈ ਤੋਂ। ਜਦੋਂ ਸੀਤਲ ਜੀ ਨੂੰ ਪਿੰਡ ਦੇ ਗਭਰੂਆਂ ਨੇ ਗਾਇਨ ਮੰਡਲੀ ਬਣਾਉਣ ਲਈ ਸੁਝਾ ਦਿੱਤਾ ਤਾਂ ਉਨ੍ਹਾਂ ਨੇ ਢਾਡੀ ਜਥਾ ਬਣਾਉਣ ਦੀ ਯੋਜਨਾ ਉਨ੍ਹਾਂ ਅਗੇ ਰਖ ਦਿਤੀ।

ਸੀਤਲ ਜੀ ਦੀ ਤਜਵੀਜ਼ ਸਭ ਨੂੰ ਪਸੰਦ ਆਈ। ਉਨ੍ਹਾਂ ਦੇ ਪਹਿਲੇ ਸਾਥੀਆਂ ਵਿਚੋਂ ਸਰਦਾਰ ਹਰਿਨਾਮ ਸਿੰਘ, ਸ ਗੁਰਚਰਨ ਸਿੰਘ, ਅਮਰੀਕ ਸਿੰਘ ਸਨ।



Sri Satguru Jagjit Singh Ji Elibrary NamdhariElibrary@gmail.com

ਇਹ ਫੈਸਲਾ ਹੋਇਆ ਕਿ ਸੋਹਣ ਸਿੰਘ ਸੀਤਲ ਪੜ੍ਹਿਆ ਲਿਖਿਆ ਹੋਣ ਕਰਕੇ ਇਸ ਢਾਡੀ ਮੰਡਲੀ ਦੇ ਜਥੇਦਾਰ ਦੇ ਕਾਰਜ ਨੂੰ ਨਿਭਾਵੇ ਤੇ ਗੁਰਚਰਨ ਸਿੰਘ ਸਾਰੰਗੀ ਵਜਾਉਣ ਦੀ ਸਿਖਿਆ ਲਵੇ। ਫਿਰ ਸਾਰੰਗੀ ਵਜਾਉਣ ਲਈ ਕਿਸੇ ਮਾਹਿਰ ਨੂੰ ਗੁਰੂ ਧਾਰਨ ਦੀ ਲੋੜ ਸੀ।

ਪਿੰਡ ਬਲਾਂਵਾਲਾ ਵਿਚ ਜਗਤ ਸਿੰਘ ਬੰਗਾ ਸਾਰੰਗੀ ਵਾਦਕ ਸੀ। ਪਰ ਜਦੋਂ ਉਸ ਕੋਲ ਇਸ ਨਵੀਂ ਬਣੀ ਢਾਡੀ ਮੰਡਲੀ ਦੇ ਨੌਜਵਾਨ ਗਏ ਤਾਂ ਉਸ ਨੇ ਸਾਫ ਇਨਕਾਰ ਕਰ ਦਿੱਤਾ। ਉਸ ਕਿਹਾ ਮੈਂ ਆਪਣੇ ਸ਼ਰੀਕ ਕਿਉਂ ਪੈਦਾ ਕਰ ਲਵਾਂ। ਫਿਰ ਪਿੰਡ ਲਲਿਆਣੀ ਦੇ ਸ਼ੇਖ ( ਭਰਾਈ) ਮੀਆਂ ਚਿਰਾਗ ਦੀਨ ਨੂੰ ਲਿਆਂਦਾ ਗਿਆ ਅਤੇ ਉਸ ਕੋਲੋਂ ਪਰੰਪਰਾਵਾਦੀ ਸਿਖਿਆ ਲੈਣ ਦਾ ਪ੍ਰਬੰਧ ਕੀਤਾ ਗਿਆ।

ਚੇਤੇ ਰਖਣ ਵਾਲੀ ਗਲ ਇਹ ਹੈ ਕਿ ਪੰਜਾਬ ਵਿਚ ਢਾਡੀਆਂ ਦੀ ਪਰੰਪਰਾ ਬਹੁਤ ਪੁਰਾਣੀ ਹੈ ਅਤੇ ਇਸ ਦਾ ਸੰਬੰਧ ਰਾਜਪੂਤਾਂ ਦੇ ਸਮੇਂ ਨਾਲ ਜਾ ਜੁੜਦਾ ਹੈ। ਰਾਜਪੂਤ ਸਰਦਾਰਾਂ ਦੇ ਕਬੀਲੇ ਦਾ ਆਪਣਾ ਹੀ ਇਕ ਭੱਟ ਤੇ ਢਾਡੀ ਹੁੰਦਾ ਸੀ। ਜੋ ਉਨ੍ਹਾਂ ਦੀ ਉਸਤਤ ਗਾਉਂਦਾ ਹੁੰਦਾ ਸੀ। ਭੱਟ ਛੰਦ ਰਚ ਕੇ ਉਸਤਤ ਕਰਦੇ ਸਨ ਅਤੇ ਢਾਡੀ ਗਾ ਕੇ। ਫਿਰ ਵਧੇਰੇ ਕਰਕੇ ਇਹ ਕਿੱਤਾ ਕੁਝ ਵਿਸ਼ੇਸ਼ ਜਾਤੀਆਂ ਜਿਨ੍ਹਾਂ ਨੂੰ ਨੀਵੀਆਂ ਜਾਤਾਂ ਹੀ ਖਿਆਲ ਕੀਤਾ ਜਾਂਦਾ ਸੀ, ਤਕ ਹੀ ਸੀਮਿਤ ਸੀ। ਆਮ ਤੌਰ ਤੇ ਇਹ ਗਾਇਕ ਡੂਮਾਂ (ਮਿਰਾਸੀਆਂ ਜਾਂ ਭਰਾਈਆਂ) ਵਿਚੋਂ ਹੁੰਦੇ ਸਨ। ਢਾਡੀ ਦੇ ਪਰੰਪਰਾਗਤ ਅਰਥ ਉਸਤਤੀ ਕਰਨ ਵਾਲੇ ਹਨ ਜੋ ਢੱਡ ਵਜਾਉਣ ਕਾਰਣ ਹੀ ਢਾਡੀ ਅਖਵਾਏ। ਜਾਪਦਾ ਹੈ ਕਿ ਇਹ ਸ਼ਿਵਜੀ ਦੇ ਡਮਰੂ ਜਾਂ ਡੌਰੂ ਦਾ ਹੀ ਵਿਕਸਤ ਰੂਪ ਸੀ। ਡੌਰੂ ਨੂੰ ਸਜੇ ਹੱਥ ਦੇ ਅੰਗੂਠੇ ਨਾਲ ਵਜਾਇਆ ਜਾਂਦਾ ਸੀ ਅਤੇ ਢੱਡ ਨੂੰ ਖਬੇ ਹੱਥ ਵਿਚ ਪਕੜ ਕੇ ਸੱਜੇ ਹੱਥ ਦੇ ਅੰਗੂਠੇ ਨਾਲ ਅਤੇ ਉਂਗਲਾਂ ਨਾਲ ਚਮੜੇ ਨਾਲ ਮੜੇ ਹੋਏ ਢੋਲਕੀ ਨੁਮਾ 9-10 ਇੰਚ ਦੇ ਅਕਾਰ ਦੇ ਸਾਜ਼ ਉਤੇ ਵਜਾਇਆ ਜਾਂਦਾ ਸੀ। ਸਾਰੰਗੀ ਨਾਲ ਸੁਰ ਅਤੇ ਢੱਡ ਨਾਲ ਤਾਲ ਦਿੱਤਾ ਜਾਂਦਾ ਸੀ। ਆਮ ਤੌਰ ਤੇ ਇਹ ਢਾਡੀ ਲੋਕ ਕਿਸੇ ਨਾਇਕ ਜਾਂ ਸਰਦਾਰ ਦੀ ਯਸ਼ ਭਰੀ ਬਹਾਦਰੀ ਅਤੇ ਕੀਰਤੀ ਦੇ ਪ੍ਰਸੰਗ ਨੂੰ ਹੀ ਛੰਦ ਵਿਚ ਰਚ ਕੇ ਗਾਇਆ ਕਰਦੇ ਸਨ ਅਤੇ ਲੋਕਾਂ ਵਿਚ ਬੀਰਤਾ, ਅਣਖ, ਕੁੱਲ-ਭਗਤੀ ਦੀ ਭਾਵਨਾ ਜਗਾਉਂਦੇ, ਅਣਖ ਅਤੇ ਜੋਸ਼ ਭਰਦੇ ਸਨ। ਇਸ ਤਰ੍ਹਾਂ ਬੀਰ ਰਸੀ ਕਥਾ ਵਾਰਤਾ ਦਾ ਸਹਾਰਾ ਲੈ ਕੇ ਇਹ ਢਾਡੀ ਲੋਕਾਂ ਵਿਚ ਨੈਤਿਕਤਾ ਅਤੇ ਚਰਿਤਰ ਦਾ ਨਿਰਮਾਨ ਵੀ ਕਰਦੇ ਸਨ । ਪੇਸ਼ਾ-ਵਰ ਗਾਇਕ ਹੋਣ ਕਾਰਣ ਇਹ ਲੋਕਾਂ ਵਲੋਂ ਚੀਜ਼, ਵਸਤ ਅਤੇ ਮਾਇਆ ਉਤੇ ਗੁਜ਼ਰਾ ਕਰਦੇ ਸਨ।

ਇਹ ਢਾਡੀ ਪਰੰਪਰਾ ਪੰਜਾਬ ਵਿਚ ਸਿਖ ਗੁਰੂ ਸਾਹਿਬਾਨ ਤੋਂ ਵੀ ਪੁਰਾਣੀ ਹੈ। ਗੁਰੂ ਸਾਹਿਬਾਨ ਇਸ ਢਾਡੀ ਪਰੰਪਰਾ ਦੀ ਗਾਇਕੀ ਤੋਂ ਚੋਖੇ ਪ੍ਰਭਾਵਤ ਹੋਏ ਅਤੇ ਇਨ੍ਹਾਂ ਦੀਆਂ ਗਾਈਆਂ ਹੋਈਆਂ ਵਾਰਾਂ ਦੀਆਂ ਧੁਨਾਂ ਉਤੇ ਅਧਿਆਤਮਕ ਵਾਰਾਂ ਰਚੀਆਂ ਅਤੇ ਇਨਾਂ ਦੀ ਗਾਇਨ ਸ਼ੈਲੀ ਦਾ ਵੀ ਪ੍ਰਯੋਗ ਕੀਤਾ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਮੀਰ ਅਬਦੁਲ ਅਤੇ ਮੀਰ ਨਥਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮੀਰ ਮਦਨ ਅਤੇ ਮੀਰ ਮੁਸ਼ਕੀ ਬੜੇ ਪ੍ਰਸਿਧ ਢਾਡੀ ਗਾਇਕ ਹੋਏ ਸਨ।

ਸੀਤਲ ਜੀ ਦਾ ਵਿਚਾਰ ਹੈ ਕਿ ਇਨ੍ਹਾਂ ਪਰੰਪਰਾਗਤ ਗਾਇਕਾਂ ਦੀਆਂ ਰਾਜਸਥਾਨ ਵਿਚ ਦੋ ਸ਼ਾਖਾਵਾਂ ਸਨ। ਭੱਟ ਲੋਕ ਛੰਦ ਅਤੇ ਸਤੋਤਰ ਰਚਦੇ ਸਨ ਅਤੇ ਦੂਜੀ ਸ਼ਾਖਾ ਨੂੰ 'ਘੜਕਾਂ' ਕਿਹਾ ਜਾਂਦਾ ਸੀ, ਜੋ ਰਾਜਸਥਾਨ ਵਿਚ ਤਾਰਦਾਰ ਸਾਜ਼ ਦਾ ਨਾਮ ਸੀ, ਜਿਸ ਨਾਲ ਮਰਦੰਗ ਦੀ ਸੰਗਤ ਵਿਚ ਇਹ ਲੋਕ ਸਥਾਨਕ ਵੀਰ ਗਾਥਾ ਨੂੰ ਗਾਉਂਦੇ ਹੁੰਦੇ ਸਨ, ਜਿਸ ਦੇ ਅਰਥ ਨਿਸ਼ਾਨੀ ਹਨ। ਇਸ ਤੋਂ ਹੀ ਪੰਜਾਬੀ ਵਾਰ ਦੇ ਛੰਦ ਦਾ ਨਾਮ 'ਨਿਸ਼ਾਨੀ' ਪਿਆ ਹੈ। ਇਸ ਦੀ ਵੀ ਇਕ ਅਜੀਬ ਵਾਰਤਾ ਦੱਸੀ ਜਾਂਦੀ ਹੈ, ਜੋ ਰਾਜਪੂਤਾਂ ਦੀ ਅਣਖ ਦੀ ਕਥਾ ਨੂੰ ਸਾਕਾਰ ਕਰਦੀ ਹੈ।

ਇਕ ਨਵਵਿਵਾਹਿਤ ਰਾਜਪੂਤ ਸਰਦਾਰ ਨੂੰ ਜੰਗ ਵਿਚ ਜਾਣਾ ਪੈਂਦਾ ਸੀ, ਪਰ ਉਸ ਨੂੰ ਆਪਣੀ ਪਤਨੀ ਦੀ ਯਾਦ ਸਤਾਉਂਦੀ ਹੈ। ਉਹ ਪਤਨੀ ਕੋਲੋਂ ਕੋਈ ਸੈਨਾਨੀ (ਨਿਸ਼ਾਨੀ) ਮੰਗਦਾ ਹੈ। ਪਤਨੀ ਨੂੰ ਆਪਣੇ ਪਤੀ ਦੇਵ ਵਿਚ ਆਈ ਕਮਜ਼ੋਰੀ ਦਾ ਅਹਿਸਾਸ ਸੀ ਅਤੇ ਉਹ ਰਾਜਪੂਤ ਸਰਦਾਰ ਵੀ ਇਸਤ੍ਰੀਆਂ ਦੀ ਉਚ ਮਾਨ ਮਰਿਯਾਦਾ ਤੋਂ ਵੀ ਜਾਣੂ ਸੀ। ਉਸ ਦੀ ਪਤਨੀ ਨੇ ਤਲਵਾਰ ਨਾਲ ਆਪਣਾ ਸਿਰ ਕੱਟ ਕੇ ਥਾਲ ਵਿਚ



Sri Satguru Jagjit Singh Ji Elibrary NamdhariElibrary@gmail.com

ਰੱਖ ਕੇ, ਉਤੇ ਕਪੜਾ ਪਾ ਕੇ ਆਪਣੇ ਪਤੀ ਨੂੰ ਸੈਨਾਨੀ (ਨਿਸ਼ਾਨੀ) ਵਜੋਂ ਭੇਟ ਕਰ ਦਿੱਤਾ। ਉਸ ਤੋਂ ਇਹ ਪਰੰਪਰਾ ਅਗੇ ਤੁਰ ਪਈ ਅਤੇ ਇਸ ਤਰ੍ਹਾਂ ਦੀਆਂ ਵੀਰਤਾ ਵਾਲੀਆਂ ਕਥਾਵਾਂ ਨਿਸਾਨੀ ਅਖਵਾਉਣ ਲਗੀਆਂ।

ਮੀਆਂ ਚਰਾਗ਼ ਦੀਨ ਬੜੇ ਨੇਕ ਵਿਅਕਤੀ ਸਨ ਅਤੇ ਸੁਰ ਤੇ ਤਾਲ ਦੇ ਬੜੇ ਪਕੇ ਧਨੀ ਸਨ। ਆਪ ਨੇ ਇਸ ਜਥੇ ਨੂੰ ਦੁੱਲਾ, ਹੀਰ, ਰਸਾਲੂ ਅਤੇ ਮਿਰਜ਼ਾ ਆਦਿ ਪਰੰਪਰਾਗਤ ਢੰਗ ਦੀ ਸਿਖਿਆ ਦੇ ਕੇ ਇਸ ਕਸਬ ਵਿਚ ਪ੍ਰਪਕ ਕਰ ਦਿਤਾ ਅਤੇ ਕਈ ਮਹੀਨੇ ਇਹ ਜਥਾ ਅਭਿਆਸ ਕਰਦਾ ਰਿਹਾ। ਪਹਿਲਾ ਪ੍ਰੋਗਰਾਮ ਕਸੂਰ ਵਿਖੇ ਦਿੱਤਾ ਗਿਆ, ਜਿਸ ਦੀ ਬੜੀ ਪ੍ਰਸੰਸਾ ਹੋਈ ਅਤੇ ਕੁਝ ਚਿਰ ਪਿਛੋਂ ਹੋਰ ਥਾਵਾਂ ਤੋਂ ਵੀ ਲੋਕ ਇਸ ਜਥੇ ਨੂੰ ਬੁਲਾਉਣ ਲੱਗ ਪਏ।

ਉਸ ਸਮੇਂ ਦੇ ਢਾਡੀ ਇਕੋ ਛੰਦ ਵਿਚ ਰਚੇ ਛੋਟੇ ਪ੍ਰਸੰਗ ਹੀ ਗਾਇਆ ਕਰਦੇ ਸਨ । ਉਨ੍ਹਾਂ ਦਾ ਵਿਆਖਿਆਨ ਦੇਣ ਦਾ ਢੰਗ ਵੀ ਬੜਾ ਸਿਧ-ਪਧਰਾ ਅਤੇ ਜਟਕਾ ਜਿਹਾ ਹੁੰਦਾ ਸੀ । ਸੀਤਲ ਜੀ ਦੇ ਇਨ੍ਹਾਂ ਸਮਕਾਲੀ ਢਾਡੀਆਂ ਵਿਚੋਂ ਸਰਦਾਰ ਸੋਹਣ ਸਿੰਘ ਘੁਕੇਵਾਲੀ, ਸਰਦਾਰ ਕਿਸ਼ਨ ਸਿੰਘ ਕੜਤੋੜ, ਸੋਹਣ ਸਿੰਘ ਭੋਲਾ ਅਤੇ ਨਿਰਵੈਰ ਸਿੰਘ ਪ੍ਰਸਿਧ ਸਨ । ਪਰ ਇਨ੍ਹਾਂ ਸਭ ਵਿਚੋਂ ਸੋਹਣ ਸਿੰਘ ਸੀਤਲ ਵਧੇਰੇ ਪੜ੍ਹੇ ਲਿਖੇ ਸਨ ਅਤੇ ਉਨ੍ਹਾਂ ਦਾ ਵਿਆਖਿਆਨ ਦੇਣ ਦਾ ਢੰਗ ਵੀ ਬੜਾ ਨਵੀਨ ਸੀ। ਆਪਣੇ ਸਮਕਾਲੀ ਢਾਡੀਆਂ ਉਤੇ ਆਪਣੇ ਪ੍ਰਭਾਵ ਨੂੰ ਉਜਾਗਰ ਕਰਨ ਲਈ ਉਨ੍ਹਾਂ ਨੇ ਪ੍ਰਸੰਗਾਂ ਦੀ ਵੀ ਨਵੀਂ ਰਚਨਾ ਕੀਤੀ ਅਤੇ ਇਕ ਪ੍ਰਸੰਗ ਜਾਂ ਵਾਰਤਾ ਨੂੰ ਇਕ ਛੰਦ ਵਿਚ ਰਚਣ ਦੀ ਥਾਂ ਕਈ ਛੰਦਾਂ ਵਿਚ ਰਚਿਆ। ਉਨ੍ਹਾਂ ਦੇ ਰਚੇ ਹੋਏ ਪ੍ਰਸੰਗਾਂ ਦੀ ਕਵਿਤਾ ਸਾਹਿਤਕ ਗੁਣਾਂ ਨਾਲ ਭਰਪੂਰ ਹੁੰਦੀ ਸੀ। ਇਨ੍ਹਾਂ ਵਿਚੋਂ ਬਹੁਤੇ ਛੰਦ ਉਹੋ ਹੀ ਸਨ ਜਿਨ੍ਹਾਂ ਨੂੰ ਗਾਇਕ ( ਗਵਈਏ) ਅਤੇ ਬੀਰ ਗਾਇਕ (ਢਾਡੀ) ਪ੍ਰਚਲਿਤ ਲੋਕ ਧੁਨਾਂ ਉਤੇ ਗਾਉਂਦੇ ਹੁੰਦੇ ਸਨ। ਪੰਜਾਬ ਦੀ ਲੋਕ ਗਾਇਕੀ ਵਿਚ ਪ੍ਰੇਮ-ਗਾਥਾ ( ਕਿੱਸਾ-ਕਾਵਿ) ਅਤੇ ਬੀਰ ਗਾਥਾ (ਵਾਰ-ਕਾਵਿ) ਦੋਹਾਂ ਨੂੰ ਹੀ ਗਾਇਆ ਜਾਂਦਾ ਸੀ। ਪ੍ਰੇਮ ਗਾਥਾ ਦੇ ਗਾਇਕ ਨੂੰ ਗਵਇਆ ਅਤੇ ਵੀਰ-ਗਾਥਾ ਦੇ ਗਾਇਕਾਂ ਨੂੰ ਢਾਡੀ ਕਿਹਾ ਜਾਂਦਾ ਸੀ। ਦੋਂਵੇ ਕਲਾਕਾਰ ਸ਼੍ਰੇਣੀਆਂ ਗਵਈਏ ਅਤੇ ਢਾਡੀ ਸਾਜ਼ਾਂ ਦਾ ਪ੍ਰਯੋਗ ਕਰਦੇ ਹੁੰਦੇ ਸਨ। ਗਵਈਏ ਜਾਂ ਪ੍ਰੇਮ- ਗਾਥਾ ਦੇ ਗਾਇਕ ਢੋਲਕੀ, ਮਿਰਦੰਗ ਦੇ ਨਾਲ-ਨਾਲ ਅਲਗੋਜ਼ਿਆਂ, ਇਕ ਤਾਰੇ ਜਾਂ ਤੂੰਬੇ ਅਤੇ ਖੜਤਾਲਾਂ, ਚਿਮਟੇ ਅਤੇ ਛੈਣਿਆਂ ਦੀ ਵਰਤੋਂ ਕਰਦੇ ਸਨ। ਚੰਗੇ ਗਵਈਏ ਸਾਰੰਗੀ ਦੀ ਵਰਤੋਂ ਵੀ ਕਰਦੇ ਸਨ। ਗਵਈਏ ਵੀ ਦੋ ਜਾਂ ਤਿੰਨ ਚਾਰ ਗਾਇਕ ਹੁੰਦੇ ਸਨ। ਇਹ ਵਧੇਰੇ ਕਰਕੇ ਸਾਰੰਦੇ ਜਾਂ ਸਾਰੰਗੀ ਅਤੇ ਢੱਡਾਂ ਦਾ ਪ੍ਰਯੋਗ ਕਰਦੇ ਹੁੰਦੇ ਸਨ । ਇਹ ਵਧੇਰੇ ਕਰਕੇ ਬੀਰ ਗਾਥਾ ਅਰਥਾਤ ਬਹਾਦਰੀ ਦੀਆਂ ਵਾਰਾਂ ਨੂੰ ਹੀ ਗਾਉਂਦੇ ਹੁੰਦੇ ਸਨ ਅਤੇ ਨੈਤਿਕਤਾ ਜਾਂ ਸਦਾਚਾਰ ਨੂੰ ਅੱਖੋਂ-ਪਰੋਖੇ ਨਹੀਂ ਸਨ ਕਰਦੇ।

ਪੁਰਾਤਨ ਢਾਡੀ ਅਤੇ ਗਵਈਏ ਸਾਰੀ ਰਚਨਾ ਨੂੰ ਗਾਉਂਦੇ ਨਹੀਂ ਸਨ ਹੁੰਦੇ, ਕੇਵਲ ਕਥਾ ਦੀਆਂ ਮੋਟੀਆਂ ਮੋਟੀਆਂ 'ਤੇ ਨਾਟਕੀ ਘਟਨਾਵਾਂ ਦਾ ਗਾਇਨ ਹੀ ਕਰਦੇ ਹੁੰਦੇ ਸਨ ਅਤੇ ਬਾਕੀ ਕਥਾ ਜਾਂ ਵਾਰਤਾ ਦੀਆਂ ਲੜੀਆਂ ਨੂੰ ਮੌਖਿਕ ਵਿਆਖਿਆਨ ਦੁਆਰਾ ਜੋੜ ਦਿੰਦੇ ਸਨ। ਇਸ ਨਾਲ ਗਾਇਕ ਸਾਹ ਵੀ ਲੈ ਲੈਂਦੇ ਸਨ ਅਤੇ ਮੁੜ ਕੇ ਤਾਜ਼ਾ ਦਮ ਹੋ ਕੇ ਗਾਉਣਾ ਆਰੰਭ ਕਰ ਦੇਂਦੇ ਸਨ। ਆਮ ਤੌਰ ਤੇ ਇਨ੍ਹਾਂ ਗਾਇਕ ਮੰਡਲੀਆਂ ਦਾ ਮੁਖੀ ਹੀ ਵਿਆਖਿਆਨ ਦੇਂਦਾ ਸੀ । ਇਹ ਵਿਆਖਿਆਨ ਜਿੰਨਾ ਪ੍ਰਭਾਵਸ਼ਾਲੀ ਤੇ ਅਸਰ ਪਾਉਣ ਵਾਲਾ ਹੁੰਦਾ, ਉਤਨਾ ਹੀ ਲੋਕ ਅਗਲੇ ਪ੍ਰਸੰਗ ਦੀ ਵਾਰਤਾ ਨੂੰ ਸੁਣਨ ਲਈ ਉਤਸਕ ਹੋ ਜਾਂਦੇ ਸਨ।

ਸ ਸੋਹਨ ਸਿੰਘ ਸੀਤਲ ਦੇ ਸਸਮਕਾਲੀ ਢਾਡੀ ਕਿਉਂ ਜੋ ਬਹੁਤੇ ਪੜ੍ਹੇ ਲਿਖੇ ਨਹੀਂ ਸਨ, ਇਸ ਲਈ ਸੀਤਲ ਜੀ ਨੂੰ ਇਹ ਗੌਰਵ ਪ੍ਰਾਪਤ ਹੋਇਆ ਕਿ ਉਹ ਆਪਣੇ ਪ੍ਰਸੰਗ ਦੌਰਾਨ ਪ੍ਰਭਾਵਸ਼ਾਲੀ ਭਾਸ਼ਣ ਦੇ ਸਕਣ। ਉਨ੍ਹਾਂ ਦੇ ਰਚੇ ਹੋਏ ਨਵੇਂ ਢਾਡੀ ਪ੍ਰਸੰਗਾਂ ਅਤੇ ਦਿਤੇ ਗਏ ਵਿਆਖਿਆਨਾਂ ਨੇ ਇਕ ਢਾਡੀ ਦੇ ਤੌਰ ਤੇ ਉਨ੍ਹਾਂ ਦੇ ਜਥੇ ਨੂੰ ਛੇਤੀ ਹੀ ਪ੍ਰਸਿਧੀ ਦੇ ਦਿੱਤੀ।

1936 ਵਿਚ ਪਿੰਡ ਰਤੋਕੇ ਦੇ ਬਾਬਾ ਬੀਰ ਸਿੰਘ ਦੇ ਇਤਿਹਾਸਿਕ ਸਥਾਨ ਉਤੇ ਸਜੇ ਬੜੇ ਵਡੇ ਦੀਵਾਨ ਵਿਚ ਜਦੋਂ ਸੀਤਲ ਜੀ ਨੇ ਸਿਖ ਰਾਜ ਕਿਵੇਂ ਗਿਆ ਦੇ ਪ੍ਰਸੰਗਾਂ ਵਿਚੋਂ ਆਪਣੇ ਢਾਡੀ ਜਥੇ ਨਾਲ ਆਪਣੀਆ ਰਚਨਾਵਾਂ ਸੰਗਤਾਂ ਨੂੰ ਸੁਣਾਈਆਂ ਤਾਂ ਇਸ ਦਾ ਕਰਾਮਾਤੀ ਅਸਰ ਹੋਇਆ। ਇਸ ਕਾਮਯਾਬੀ



Sri Satguru Jagjit Singh Ji Elibrary NamdhariElibrary@gmail.com

ਨਾਲ ਉਨ੍ਹਾਂ ਦੀ ਪਿੰਡ ਵਿਚਲੀ ਕਈ ਸਾਲਾਂ ਤੋਂ ਆ ਰਹੀ ਦੁਸ਼ਮਣੀ ਤੇ ਲਾਗਤਬਾਜੀ ਵੀ ਸਮਾਪਤ ਹੋ ਗਈ ਅਤੇ ਉਨ੍ਹਾਂ ਨੇ ਨਵੇਂ ਜੋਸ਼ ਅਤੇ ਉਤਸ਼ਾਹ ਨਾਲ ਸਿੱਖ ਢਾਡੀ ਪਰੰਪਰਾ ਨੂੰ ਨਵੀਆਂ ਦੇਣਾਂ ਦਿਤੀਆਂ। ਢਾਡੀ ਪਰੰਪਰਾ ਵਿਚ ਕਈ ਨਵੇਂ ਪ੍ਰਯੋਗ ਕੀਤੇ, ਇਥੋਂ ਤਕ ਕਿ ਇਸ ਲੋਕ ਗਾਇਕੀ ਦੀ ਮਾਨ -ਮਰਯਾਦਾ ਦੀ ਨੁਹਾਰ ਹੀ ਬਦਲ ਕੇ ਰਖ ਦਿਤੀ ਅਤੇ ਇਸ ਨੂੰ ਨਵੀਆਂ ਸਿਖਰਾਂ ਉੱਤੇ ਪਹੁੰਚਾ ਦਿੱਤਾ ।

ਸੀਤਲ ਜੀ ਦਾ ਕਥਨ ਹੈ ਕਿ ਜਿਥੇ ਸ਼ਾਸਤਰੀ ਰਾਗਾਂ ਵਿਚ ਗੁਰਬਾਣੀ ਦਾ ਗਾਇਨ ਸ਼ਾਂਤ ਰਸ ਦਾ ਪ੍ਰਭਾਵ ਉਤਪੰਨ ਕਰਦਾ ਹੈ, ਉਥੇ ਢਾਡੀਆਂ ਦੀ ਗਾਇਕੀ ਵਿਚ ਬੀਰ ਰਸ ਪ੍ਰਧਾਨ ਹੁੰਦਾ ਹੈ। ਇਸੇ ਲਈ ਇਹ ਰਾਗਾਂ ਦਾ ਤਾਂ ਸੀਮਿਤ ਰੂਪ ਵਿਚ ਹੀ ਪ੍ਰਯੋਗ ਕਰਦੇ ਹਨ। ਤਿਲੰਗ ਅਤੇ ਪੀਲੂ ਆਦਿ ਰਾਗਾਂ ਦੀ ਵਰਤੋਂ ਜ਼ਰੂਰ ਕਰਦੇ ਹਨ, ਪਰ ਵਧੇਰੇ ਕਰਕੇ ਇਨ੍ਹਾਂ ਦੀ ਗਾਇਕੀ ਜਾਂ ਰਾਗ ਪੁਰਾਤਨ ਵਾਰਾਂ,ਪਉੜੀਆਂ, ਨਿਸ਼ਨੀ, ਸਾਕਾ, ਰਸਾਲੂ, ਪੂਰਨ, ਮਿਰਜ਼ਾ,ਹੀਰ ਆਦਿ ਦੀਆਂ ਲੋਕ ਧੁਨਾਂ ਵਿਚ ਹੀ ਹੁੰਦਾ ਹੈ ਅਤੇ ਇਹ ਕਬਿਤ ਸਵੈਯਾ, ਡਿਊਢ, ਲੋਕ ਬੋਲੀ, ਟੱਪੇ, ਕੋਰੜੇ, ਬੈਂਤ ਆਦਿ ਪ੍ਰਚਲਿਤ ਛੰਦਾਂ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਦੀ ਗਾਇਕੀ ਦਾ ਵਿਧੀ ਵਿਧਾਨ ਵੀ ਨਿਸ਼ਚਿਤ ਹੈ। ਮਾਲਵੇ ਦੀਆਂ ਲੋਕ ਧੁਨਾਂ ਵਿਚੋਂ ਕਲੀ ਦਾ ਪ੍ਰਯੋਗ ਵੀ ਕਰਦੇ ਸਨ। ਸੀਤਲ ਜੀ ਨੇ ਕੁਝ ਨਵੀਨ ਤਰਜ਼ਾਂ ਗੱਡੀ ਜੋ ਲੋਕ ਬੋਲੀਆਂ ਉਤੇ ਅਧਾਰਤ ਹੈ ਅਤੇ ਜੰਗਲਾ ਜੋ ਪੁਰਾਤਨ ਦੋਹੜੇ ਅਤੇ ਮਾਝ ਨਾਲ ਮਿਲਦਾ ਜੁਲਦਾ ਹੈ, ਦੀ ਵਰਤੋਂ ਵੀ ਕੀਤੀ ਹੈ। ਇਨ੍ਹਾਂ ਤੋਂ ਬਿਨਾਂ ਕਈ ਹੋਰ ਲੋਕ ਧੁਨਾਂ ਦੀ ਵਰਤੋਂ ਕੀਤੀ ਗਈ ਹੈ। ਗਾਇਕੀ ਵਿਚ ਇਹ ਛੰਦ ਭਾਵ ਪ੍ਰਧਾਨ ਹੁੰਦੇ ਹਨ ਅਤੇ ਸ਼ਾਸਤਰੀ ਸੰਗੀਤ ਦੀ ਤੁਲਨਾ ਵਿਚ ਇਹ ਦੇਸੀ ਸੰਗੀਤ ਦੀਆਂ ਲੋਕ ਧੁਨਾਂ ਦੇ ਵਧੇਰੇ ਨੇੜੇ ਹਨ ਜਾਂ ਉਨ੍ਹਾਂ ਦਾ ਹੀ ਪ੍ਰਤੀਨਿਧ ਰੂਪ ਹਨ ।

ਆਮ ਤੌਰ ਤੇ ਢਾਡੀਆਂ ਦੇ ਵਧੇਰੇ ਪ੍ਰਸੰਗ ਜਾਂ ਕਥਾ ਵਾਰਤਾ ਬੀਰ-ਰਸੀ ਗੁਣਾਂ ਦੀ ਧਾਰਨੀ ਹੀ ਹੁੰਦੀ ਹੈ। ਪਰ ਸੀਤਲ ਜੀ ਨੇ ਲੋੜ ਪੈਣ ਉਤੇ ਹਰਸ਼ਮਈ ਮੰਗਲ ਬਿਰਤਾਂਤ ਵੀ ਰਚੇ ਹਨ, ਜਿਨ੍ਹਾਂ ਵਿਚੋਂ ਇੱਕ ਵਿਸ਼ੇਸ਼ ਉਦਾਹਰਣ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਦਾ ਪ੍ਰਸੰਗ ਹੈ। ਰਣਜੀਤ ਸਿੰਘ ਕਾਲ ਦੀ ਇਹ ਬਹੁਤ ਹੀ ਖੁਸ਼ੀ ਭਰੀ ਘਟਨਾ ਹੈ। ਇਸ ਵਿਚ ਸੀਤਲ ਜੀ ਨੇ ਵਿਆਹ ਦੀ ਮਰਿਆਦਾ ਅਨੁਸਾਰ ਸੇਹਰਾ ਜੋ ਲਾੜੇ ਅਤੇ ਉਸ ਦੇ ਪਰਿਵਾਰ ਦੀ ਉਸਤਤੀ ਵਿਚ ਹੈ ਅਤੇ ਸਿਖਿਆ ਜੋ ਲਾੜੀ ਨੂੰ ਦਿੱਤੀ ਗਈ ਹੈ, ਵੀ ਰਚੀ ਹੈ। ਇਸ ਪ੍ਰਸੰਗ ਤੋਂ ਇਹ ਸਿਧ ਹੁੰਦਾ ਹੈ ਕਿ ਢਾਡੀਆਂ ਦੀ ਗਾਇਕੀ ਦਾ ਸਿਧਾ ਸੰਬੰਧ ਲੋਕ ਜੀਵਨ ਤੇ ਸਭਿਆਚਾਰ ਨਾਲ ਹੈ।

ਸੀਤਲ ਜੀ ਨੇ ਆਪਣੀ ਢਾਡੀ ਰਚਨਾ ਵਿਚ ਕਬਿਤ, ਬੈਂਤ, ਸਵੱਯੇ, ਕੋਰੜਾ, ਡਿਊਢ, ਬੋਲੀ ਅਤੇ ਟੱਪੇ ਆਦਿ ਲੋਕ ਧੁਨਾਂ ਦੀ ਵੀ ਵਰਤੋਂ ਕੀਤੀ ਹੈ । ਭਾਵੇਂ ਮੁਖ ਰੂਪ ਵਿਚ ਇਹ ਪੰਜਾਬੀ ਦੇ ਪਿੰਗਲ ਸ਼ਾਸਤਰ ਦੇ ਛੰਦ ਰੂਪ ਹਨ ਅਤੇ ਵਰਣਾਂ ਅਤੇ ਮਾਤਰਾਂ ਦੀ ਗਿਣਤੀ ਦੇ ਆਧਾਰ ਉਤੇ ਇਨ੍ਹਾਂ ਦੀ ਛੰਦਕ ਗਤੀ ਤੋਲ ਅਤੇ ਅਤੇ ਤੁਕਾਂਤ ਵਿਸ਼ਰਾਮ ਅਤੇ ਤੁਕਾਂਤ ਆਦਿ ਕਾਵਿ ਉਚਾਰਣ ਦੀ ਵਿਸ਼ੇਸ਼ ਵਿਧੀ ਵਲ ਸੰਕੇਤ ਕਰਦੇ ਹਨ, ਪਰ ਜਦੋਂ ਇਨ੍ਹਾਂ ਦਾ ਪ੍ਰਯੋਗ ਢਾਡੀ ਗਾਇਕੀ ਵਿਚ ਕੀਤਾ ਜਾਂਦਾ ਹੈ ਤਾਂ ਇਹ ਨਿਰੋਲ ਛੰਦਕ ਸੰਗੀਤ ਨਾ ਰਹਿ ਕੇ ਗਾਇਕੀ ਦੇ ਅੰਗ ਬਣ ਜਾਂਦੇ ਹਨ ਅਤੇ ਲੋਕ ਸੰਗੀਤ ਦੀਆਂ ਵਿਸ਼ੇਸ਼ ਧੁਨਾਂ ਦੀ ਪ੍ਰਤੀਨਿਧਤਾ ਕਰਦੇ ਹਨ । ਸੀਤਲ ਜੀ ਦੀ ਢਾਡੀ ਗਾਇਕੀ ਵਿਚ ਇਨ੍ਹਾਂ ਦਾ ਪ੍ਰਯੋਗ ਦੋ ਮਹੱਤਵਪੂਰਨ ਸਿੱਟਿਆਂ ਉਤੇ ਅਪੜਾਉਂਦਾ ਹੈ। ਪਹਿਲਾ ਇਹ ਕਿ ਢਾਡੀਆਂ ਦੀ ਗਾਇਕੀ ਦੀ ਪਰੰਪਰਾ ਲੋਕ ਧਾਰਾ ਦੀ ਪਰੰਪਰਾਗਤ ਕਵਿਤਾ ਨਾਲ ਸਿਧੇ ਤੌਰ ਤੇ ਜੁੜੀ ਹੋਈ ਹੈ। ਦੂਜਾ ਇਹ ਕਿ ਇਸ ਗਾਇਕੀ ਦੁਆਰਾ ਇਹ ਕਵਿਤਾ ਲੋਕਾਂ ਵਿਚ ਹੋਰ ਵੀ ਹਰਮਨ ਪਿਆਰੀ ਹੋਈ ਹੈ। ਆਮ ਜਨਤਾ ਵਿਚ ਇਹ ਲੋਕ ਧੁਨਾਂ ਬੜੀਆਂ ਹਰਮਨ ਪਿਆਰੀਆਂ ਸਨ । ਇਸ ਲਈ ਇਹ ਕਵਿਤਾ ਅਤੇ ਵਿਸ਼ੇਸ਼ ਗਾਇਕੀ ਲੋਕਾਂ ਨੂੰ ਵਧੇਰੇ ਰਸ ਪ੍ਰਦਾਨ ਕਰਦੀ ਸੀ ਅਤੇ ਉਨ੍ਹਾਂ ਦੀ ਸੁਹਜਾਤਮਕ ਭੁਖ ਦੀ ਤ੍ਰਿਪਤੀ ਵੀ ਕਰਦੀ ਸੀ। ਸੀਤਲ ਜੀ ਕਿਉਂਜੋ ਇਕ ਸੁਲਝੇ ਹੋਏ ਕਵੀ ਅਤੇ ਕਲਾਕਾਰ ਹਨ, ਇਸ ਲਈ ਉਨ੍ਹਾਂ ਨੇ ਬੜੀ ਪ੍ਰਬੀਨਤਾ ਨਾਲ ਲੋਕ ਗੀਤਾਂ ਦੀਆਂ ਬੋਲੀਆਂ ਨੂੰ ਗੱਡੀ ਵਰਗੀ ਕਾਵਿ ਵੰਨਗੀ ਵਿਚ ਬਦਲ ਲਿਆ। ਗਿੱਧੇ ਦੀ ਇਕ



Sri Satguru Jagjit Singh Ji Elibrary NamdhariElibrary@gmail.com

ਤੁਕੀ ਬੋਲੀ ਪੰਜਾਬੀ ਦੀ ਇਹ ਤੁਕੀ ਕਵਿਤਾ ਦਾ ਸਭ ਤੋਂ ਵਧੀਆ ਅਤੇ ਸਰਲ ਉਦਾਹਰਣ ਹੈ। ਪਰ ਸੀਤਲ ਜੀ ਨੇ ਇਸ ਮੁਕਤਕ ਕਵਿਤਾ ਦੇ ਭਿੰਨ- ਭਿੰਨ ਅੰਗਾਂ ਅਰਥਾਤ ਇਕ ਤੁਕੀ ਬੋਲੀਆਂ ਨੂੰ ਜੋੜ ਕੇ ਇਸ ਨੂੰ ਇਕ ਪ੍ਰਬੰਧ-ਕਾਵਿ ਜਾਂ ਲੰਮੇ ਬਿਰਤਾਂਤ ਦਾ ਰੂਪ ਦੇ ਦਿੱਤਾ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਵੰਨਗੀ ਦਾ ਪ੍ਰਯੋਗ ਪੰਜਾ- ਸਾਹਿਬ ਦੇ ਸ਼ਹੀਦੀ ਸਾਕੇ ਦੀ ਰਚਨਾ ਵਿਚ ਕੀਤਾ, ਜਿਸ ਵਿਚ ਉਸ ਸਪੈਸ਼ਲ ਗੱਡੀ ਦਾ ਜ਼ਿਕਰ ਸੀ, ਜਿਸ ਵਿਚ ਗੁਰੂ ਕੇ ਬਾਗ ਦੇ ਅਕਾਲੀ ਮੋਰਚੇ ਦੇ ਕੈਦੀਆਂ ਨੂੰ ਪਿਸ਼ਾਵਰ ਲਜਾਇਆ ਜਾ ਰਿਹਾ ਸੀ ਅਤੇ ਜਿਸ ਨੂੰ ਪੰਜਾ ਸਾਹਿਬ ਵਿਖੇ ਸਿੰਘਾਂ ਨੇ ਬੜੀ ਬਹਾਦਰੀ ਨਾਲ ਗੱਡੀ ਅਗੇ ਖਲੋ ਕੇ ਅਤੇ ਸ਼ਹੀਦੀ ਦੇ ਕੇ ਰੋਕ ਲਿਆ ਸੀ। ਇਸ ਕਾਰਨ ਹੀ ਇਸ ਲੋਕ ਧੁਨ ਦੇ ਨਵੇਂ ਪ੍ਰਯੋਗ ਦਾ ਨਾਮ ਗੱਡੀ ਪੈ ਗਿਆ।

ਇਸ ਲਘੂ ਬਿਰਤਾਂਤ ਦੇ ਗਾਇਕੀ ਦੀ ਦ੍ਰਿਸ਼ਟੀ ਤੋਂ ਦੋ ਭਾਗ ਕੀਤੇ ਹਏ ਸਨ। ਪਹਿਲੇ ਭਾਗ ਨੂੰ ਵਿਲੰਬਿਤ ਲੈਅ ਵਿਚ ਗਾਇਆ ਜਾਂਦਾ ਸੀ ਅਤੇ ਅੰਤ ਨੂੰ ਦਰੁੱਤ ਲੈਅ ਵਿਚ । ਇਸ ਤਰ੍ਹਾਂ ਇਸ ਰਚਨਾ ਦਾ ਸ੍ਰੋਤਿਆਂ ਦੇ ਮਨਾ ਉਤੇ ਬੜਾ ਗੂੜ੍ਹਾ ਤੇ ਵਿਸ਼ੇਸ਼ ਪ੍ਰਭਾਵ ਪੈਂਦਾ ਸੀ ਸੀਤਲ ਜੀ ਦਾ ਰਚਿਆ ਹੋਇਆ ਇਹ ਬਿਰਤਾਂਤ ਅਤੇ ਗਾਇਨ ਸ਼ੈਲੀ ਇਤਨੀ ਹਰਮਨ ਪਿਆਰੀ ਹੋਈ ਕਿ ਬਹੁਤ ਸਾਰੇ ਦੀਵਾਨਾਂ ਵਿਚ ਇਸ ਦੀ ਫਰਮਾਇਸ਼ ਕੀਤੀ ਜਾਂਦੀ।

ਸਰਦਾਰ ਸੋਹਣ ਸਿੰਘ ਸੀਤਲ ਨੇ ਪੰਜਾਬ ਦੀ ਢਾਡੀ ਪਰੰਪਰਾ ਵਿਚ ਕਈ ਨਵੇਂ ਵਾਧੇ ਕੀਤੇ ਹਨ ਅਤੇ ਇਸ ਦੀ ਪਰੰਪਰਾਗਤ ਉਤਕ੍ਰਿਸ਼ਟ ਜਾਂ ਸ਼ਾਸਤਰੀ ਗਾਇਨ ਸ਼ੈਲੀ ਨੂੰ ਸੁਰਖਿਅਤ ਰਖ ਕੇ ਇਸ ਨੂੰ ਹੋਰ ਰੌਚਿਕ ਤੇ ਅਰਥ ਭਰਪੂਰ ਬਣਾਉਣ ਦਾ ਯਤਨ ਕੀਤਾ ਹੈ।

1979 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਪਜੀ ਨੂੰ "ਢਾਡੀ" ਦੇ ਤੌਰ ਤੇ ਸਨਮਾਨਤ ਕੀਤਾ ਗਿਆ ਅਤੇ 1982 ਵਿਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਵੀ ਆਪ ਜੀ ਨੂੰ "ਸ਼੍ਰੋਮਣੀ ਢਾਡੀ" ਦੇ ਰੂਪ ਵਿਚ ਸਨਮਾਨਤ ਕੀਤਾ ਗਿਆ। ਇਕ ਢਾਡੀ ਗਾਇਕ ਦੇ ਤੌਰ ਤੇ ਸੀਤਲ ਜੀ ਨੂੰ ਲੱਖਾਂ ਸ੍ਰੋਤਿਆਂ ਨੇ ਦੇਸ਼ਾਂ-ਵਿਦੇਸ਼ਾਂ ਵਿਚ ਸੁਣਿਆ ਅਤੇ ਸਲਾਹਿਆ ਹੈ । ਜਦੋਂ ਤੱਕ ਦੁਨੀਆਂ ਵਿੱਚ ਸਿੱਖ ਕੌਮ ਰਹੇਗੀ, ਢਾਡੀਆਂ ਦੀ ਪ੍ਰੰਪਰਾ ਮੌਜੂਦ ਰਹੇਗੀ ਅਤੇ ਸਰਦਾਰ ਸੋਹਣ ਸਿੰਘ ਜੀ ਨੂੰ ਢਾਡੀ ਸਮਰਾਟ ਦੇ ਰੂਪ ਵਿੱਚ ਜਾਣਿਆ ਜਾਂਦਾ ਰਹੇਗਾ ।

*ਮੁਖੀ, ਸੰਗੀਤ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop

THE AROMA

Premium Event Centre
Millennium Centre
Deliberations
Abhinandan
Exporama
Mind Set
Art Craft

Sector: 22 - C, Chandigarh,
Ph.: 2700045-48 Fax : 0172-2700051
E-mail : hotelaroma@glide.net.in
Website : www.hotelaroma.com



Sri Satguru Jagjit Singh Ji Elibrary NamdhariElibrary@gmail.com

# ਹਿੰਦੁਸਤਾਨੀ ਸੰਗੀਤ ਵਿਚ ਰਾਗਾਂ ਦਾ ਸਮਾਂ-ਸਿਧਾਂਤ

ਅਮਰਿੰਦਰ ਸਿੰਘ

ਆਰੰਭ ਤੋਂ ਹੀ ਭਾਰਤੀ ਸੰਗੀਤ ਵਿੱਚ ਇਹ ਪਰੰਪਰਾ ਰਹੀ ਹੈ ਕਿ ਰਾਗ ਦਾ ਸੰਬੰਧ ਦਿਨ ਜਾਂ ਰਾਤ ਦੇ ਕਿਸੇ ਪਹਿਰ (ਸਮੇਂ) ਨਾਲ ਜੋੜਿਆ ਜਾਂਦਾ ਹੈ। ਕੁਝ ਰਾਗਾਂ ਦਾ ਸੰਬੰਧ ਸਾਲ ਦੇ ਕਿਸੇ ਮੌਸਮ ਅਤੇ ਰੁੱਤਾਂ ਨਾਲ ਵੀ ਹੁੰਦਾ ਹੈ। ਵਿਦਵਾਨਾਂ ਨੇ ਆਪਣਾ ਅਨੁਭਵ ਅਤੇ ਮਨੋਵਿਗਿਆਨ ਦੇ ਅਧਾਰ ਤੇ ਭਿੰਨ-ਭਿੰਨ ਰਾਗਾਂ ਦਾ ਵੱਖ-ਵੱਖ ਸਮਾਂ ਨਿਰਧਾਰਿਤ ਕੀਤਾ ਹੈ। ਸਮੇਂ- ਸਿਧਾਂਤ ਵਿਚ ਜੋ ਮਾਨਤਾਵਾਂ ਸੰਗੀਤ- ਅਚਾਰੀਆ ਨੇ ਪ੍ਰਚਲਿਤ ਕੀਤੀਆਂ ਉਨ੍ਹਾਂ ਮਾਨਤਾਵਾਂ ਦਾ ਸਦੀਆਂ ਤੋਂ ਹੀ ਪਾਲਣ ਹੁੰਦਾ ਆ ਰਿਹਾ ਹੈ। ਇਹ ਮਾਨਤਾਵਾਂ ਇਕ ਠੋਸ ਪਰੰਪਰਾ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਇਹਨਾਂ ਵਿਚ ਕੋਈ ਵੀ ਪਰਿਵਰਤਨ ਲਿਆਉਣਾ ਕਾਫੀ ਕਠਿਨ ਹੈ, ਕਿਉਂਕਿ ਇਹਨਾਂ ਦਾ ਪਾਲਣ ਵਿਸ਼ਾਲ ਪੱਧਰ ਤੇ ਕੀਤਾ ਜਾਂਦਾ ਹੈ।

ਭਾਰਤੀ ਸੰਗੀਤ ਦੋ ਮੁੱਖ ਧਾਰਾਵਾਂ ਵਿਚ ਵੰਡਿਆ ਹੋਇਆ ਹੈ, ਹਿੰਦੁਸਤਾਨੀ ਅਤੇ ਕਰਨਾਟਕੀ ਸੰਗੀਤ। ਕਾਰਨਾਟਕੀ ਸੰਗੀਤ ਵਿਚ ਰਾਗਾਂ ਦੇ ਸਮੇਂ-ਸਿਧਾਂਤਾਂ ਦੀ ਪਾਲਣਾ ਐਨੀ ਕਠੋਰਤਾ ਨਾਲ ਨਹੀਂ ਕੀਤੀ ਜਾਂਦੀ, ਜਿੰਨੀ ਉੱਤਰ-ਭਾਰਤੀ ਸੰਗੀਤ ਵਿਚ ਕੀਤੀ ਜਾਂਦੀ ਹੈ। ਉੱਤਰ-ਭਾਰਤੀ ਸੰਗੀਤ ਵਿਚ ਰਾਗਾਂ ਦੇ ਗਾਇਨ/ ਵਾਦਨ ਦੇ ਸਮੇਂ ਨੂੰ ਦਿਨ ਅਤੇ ਰਾਤ ਦੇ ਸਮੇਂ- ਚੱਕਰ ਅਤੇ ਰੁੱਤਾਂ ਦੇ ਸਮੇਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ । ਸਮੇਂ-ਸਮੇਂ ਤੇ ਸੰਗੀਤ ਦੇ ਗ੍ਰੰਥਕਾਰਾਂ ਨੇ ਰਾਗਾਂ ਦੇ ਸਮੇਂ-ਸਿਧਾਂਤ ਨੂੰ ਭਰਪੂਰ ਹੁੰਗਾਰਾ ਦਿੱਤਾ ਹੈ। ਰਾਗਾਂ ਦੇ ਸਮੇਂ-ਸਿਧਾਂਤ ਦੇ ਸੰਦਰਭ ਵਿਚ ਨਾਰਦ ਕ੍ਰਿਤ 'ਸੰਗੀਤ ਮਕਰੰਦ' ਇਕ ਮਹੱਤਵਪੂਰਨ ਗ੍ਰੰਥ ਹੈ। ਇਸ ਗ੍ਰੰਥ ਵਿਚ ਨਾਰਦ ਨੇ ਰਾਗ ਨੂੰ ਉਸ ਦੇ ਨਿਯਤ ਸਮੇਂ ਤੇ ਗਾਉਣ-ਵਜਾਉਣ ਪ੍ਰਤੀ ਮੱਤ ਪ੍ਰਗਟ ਕੀਤੇ ਹਨ। ਨਾਰਦ ਅਨੁਸਾਰ ਜੋ ਵਿਅਕਤੀ ਰਾਗ ਨੂੰ ਉਸ ਦੇ ਨਿਯਤ ਸਮੇਂ ਤੇ ਨਹੀਂ ਗਾਉਂਦਾ, ਉਹ ਰਾਗ ਦੇ ਸੌਂਦਰਯ ਨੂੰ ਨਸ਼ਟ ਕਰ ਦਿੰਦਾ ਹੈ ਨਾਰਦ ਨੇ ਰਾਗਾਂ ਦੇ ਸਮੇਂ-ਸਿਧਾਂਤ ਦਾ ਉਲੇਖ ਵੀ ਕੀਤਾ ਹੈ। ਜਿਵੇਂ:- ਪ੍ਰਾਤਾ ਕਾਲ ਅਤੇ ਦਿਨ ਦੇ ਸਮੇਂ ਗਾਏ ਜਾਣ ਵਾਲੇ ਸਾਰੇ ਰਾਗਾਂ ਨੂੰ 'ਸੂਰਯਾਂਸ਼ ਰਾਗ' ਅਤੇ ਰਾਤ ਦੇ ਸਮੇਂ ਗਾਏ ਜਾਣ ਵਾਲੇ ਰਾਗਾਂ ਨੂੰ 'ਚੰਦਰਯਾਂਸ਼ ਰਾਗ' ਦੇ ਨਾਮ ਨਾਲ ਸੰਬੋਧਿਤ ਕੀਤਾ ਹੈ। ਨਾਰਦ ਅਨੁਸਾਰ ਰਾਗਾਂ ਦੇ ਸਮਾਂ-ਸਿਧਾਂਤ ਇਸ ਪ੍ਰਕਾਰ ਹੈ :-

1 ਸੂਰਯਾਂਸ਼ ਰਾਗ (ਪ੍ਰਾਤਾਕਾਲੀਨ ਰਾਗ):- ਭੈਰਵ, ਲਲਿਤ, ਸ੍ਰੀ, ਗੰਧਾਰ, ਦੇਵਗੰਧਾਰ ਅਤੇ ਧਨਾਸਰੀ ਆਦਿ।

2 ਮੱਧ-ਕਾਲੀਨ ਰਾਗ:- ਦੇਸੀ, ਸਾਵੇਰੀ। ਮੁਖਾਰੀ ਅਤੇ ਮੰਗਲ ਆਦਿ ।

3 ਚੰਦਰਯਾਂਸ਼ ਰਾਗ :- ਸ਼ੁੱਧ ਨੱਟ, ਸਾਲਗ ਅਤੇ ਬਰਾਟੀ ਆਦਿ।

ਪੰਡਿਤ ਸ਼ਾਰੰਗ ਦੇਵ ਨੇ ਵੀ ਸਾਰੇ ਵਰਗਾਂ ਦੇ ਰਾਗਾਂ ਦਾ ਸਬੰਧ ਰੁੱਤਾਂ ਅਤੇ ਸਮੇਂ ਨਾਲ ਸਥਾਪਿਤ ਕੀਤਾ ਹੈ। ਪੰਡਿਤ ਸ਼ਾਰੰਗ ਦੇਵ ਨੇ ਇਹ ਸਬੰਧ ਇਸ ਪ੍ਰਕਾਰ ਦਰਸਾਇਆ ਹੈ :-

| | | |
|---|---|---|
| ਗੌੜ ਪੰਚਮ | - | ਗ੍ਰੀਸ਼ਮ ਰੁੱਤ |
| ਭਿੰਨ ਸ਼ੜਜ | - | ਹੇਮੰਤ ਰੁੱਤ |
| ਹਿੰਡੋਲ | - | ਬਸੰਤ ਰੁੱਤ |
| ਰਗੰਤੀ | - | ਸ਼ਰਦ ਰੁੱਤ |
| ਭਿੰਨ-ਕੌਸ਼ਿਕ | - | ਸ਼ਿਸ਼ਿਰ ਰੁੱਤ |
| ਸ਼ੜਜਗ੍ਰਾਮ | - | ਵਰਖਾ ਰੁੱਤ |

ਇਸ ਤੋਂ ਇਲਾਵਾ ਹੋਰ ਰਾਗਾਂ ਦਾ ਸਮਾਂ ਵੀ 'ਸੰਗੀਤ ਰਤਨਾਕਰ' ਵਿਚ ਦੱਸਿਆ ਗਿਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪ੍ਰਾਚੀਨ ਕਾਲੀਨ ਗ੍ਰੰਥਕਾਰ ਵੀ ਰਾਗਾਂ ਨੂੰ ਉਨ੍ਹਾਂ ਦੇ ਸਮੇਂ ਤੇ ਹੀ ਗਾਉਂਦੇ / ਵਜਾਉਂਦੇ ਸਨ।

ਜਿਥੇ ਪ੍ਰਾਚੀਨ-ਕਾਲ ਦੇ ਗ੍ਰੰਥਕਾਰਾਂ ਨੇ ਇਸ ਸਮੇਂ-ਸਿਧਾਂਤ ਦੀ ਪਾਲਣਾ ਕੀਤੀ ਹੈ ਉਥੇ ਮੱਧ-ਕਾਲ ਦੇ ਗ੍ਰੰਥਕਾਰਾਂ ਨੇ ਵੀ ਇਸ ਪਰੰਪਰਾ ਨੂੰ ਪੂਰੀ ਤਰ੍ਹਾਂ ਨਿਭਾਇਆ ਹੈ। ਪੰ. ਦਮੋਦਰ ਨੇ ਰਾਗਾਂ ਦੇ ਸਮੇਂ-ਸਿਧਾਂਤ ਵਿਚ ਭਿੰਨ-ਭਿੰਨ ਮੱਤ ਜਿਵੇਂ:- ਸ਼ਿਵਮਤ, ਹਨੂੰਮਤ ਆਦਿ ਪ੍ਰਸਤੁਤ ਕੀਤੇ ਹਨ। ਇਸ ਵਰਣਨ ਦੇ ਨਾਲ ਉਨ੍ਹਾਂ ਨੇ ਰਾਗਾਂ ਦਾ ਸਮੇਂ ਅਤੇ ਰੁੱਤਾਂ ਨਾਲ ਸਬੰਧ ਸਥਾਪਿਤ ਕੀਤਾ ਹੈ। ਪੰ. ਦਮੋਦਰ ਅਨੁਸਾਰ ਰਾਗਾਂ ਨੂੰ ਉਨ੍ਹਾਂ ਦੇ ਨਿਯਤ ਸਮੇਂ ਤੇ ਹੀ ਗਾਉਣਾ ਚਾਹੀਦਾ ਹੈ। ਪੰ. ਲੋਚਨ ਨੇ ਵੀ ਰਾਗਾਂ ਦੇ ਸਮੇਂ-ਸਿਧਾਂਤ ਨੂੰ ਮੰਨਿਆ



Sri Satguru Jagjit Singh Ji Elibrary NamdhariElibrary@gmail.com

ਹੈ। ਪੰ. ਲੋਚਨ ਦੁਆਰਾ ਦੱਸੇ ਗਏ ਰਾਗਾਂ ਦੇ ਸਮਾਂ-ਸਿਧਾਂਤ ਨਾਲ ਮੇਲ ਰੱਖਦਾ ਹੈ ਜਿਵੇਂ:-

ਭੈਰਵੀ ਅਤੇ ਰਾਮਕਲੀ -ਪ੍ਰਾਤਾ ਕਾਲ

ਆਸਾਵਰੀ - ਦਿਨ ਦੇ ਤੀਸਰੇ ਪਹਿਰ ਵਿਚ

ਤੋੜੀ - ਦੁਪਿਹਰ ਦੇ ਸਮੇਂ ਵਿਚ

ਕੇਦਾਰ - ਰਾਤ ਸਮੇਂ

ਅੜਾਨਾ - ਰਾਤ ਦੇ ਸਮੇਂ ਤੀਸਰੇ ਪਹਿਰ ਵਿਚ

ਆਧੁਨਿਕ ਯੁੱਗ ਵਿਚ ਵੀ ਇਹਨਾਂ ਰਾਗਾਂ ਦਾ ਸਮਾਂ ਲਗਭਗ ਇਹੀ ਹੈ, ਪਰ ਕੁਝ ਅੰਤਰ ਵੀ ਦੇਖਣ ਨੂੰ ਮਿਲਦਾ ਹੈ, ਜਿਵੇਂ:- ਰਾਗ ਤੋੜੀ ਨੂੰ ਦੁਪਿਹਰ ਸਮੇਂ ਨਹੀਂ ਸਗੋਂ ਪ੍ਰਾਤ-ਕਾਲ ਤੋਂ 12 ਵਜੇ ਦੁਪਿਹਰ ਤੱਕ ਗਾਇਆ ਜਾਂਦਾ ਹੈ। ਪੰ. ਅਹੋਬਲ ਨੇ ਵੀ ਰਾਗਾਂ ਦੇ ਸਮੇਂ-ਸਿਧਾਂਤ ਨੂੰ ਹੈ। ਪੰਡਿਤ ਜੀ ਨੇ ਆਪਣੇ ਗ੍ਰੰਥ, ਸੰਗੀਤ-ਪਾਰੀਜਾਤ ਵਿਚ ਰਾਗ ਦੇ ਅਧਿਐਨ ਤੋਂ ਪਹਿਲਾਂ ਉਸ ਦੇ ਸਮੇਂ ਦਾ ਉਲੇਖ ਕਰਨਾ ਜ਼ਰੂਰੀ ਸਮਝਿਆ ਹੈ। ਉਨ੍ਹਾਂ ਨੇ ਰਾਗਾਂ ਦਾ ਸਬੰਧ ਰੁੱਤਾਂ ਨਾਲ ਵੀ ਜੋੜਿਆ ਹੈ। ਪੰਡਿਤ ਜੀ ਮੁਤਾਬਿਕ ਰਾਗ ਮੇਘ-ਮਲਹਾਰ ਦਾ ਸਬੰਧ ਵਰਖਾ ਰੁੱਤ ਨਾਲ ਹੈ। 18 ਵੀਂ ਸਦੀ ਦੇ ਗ੍ਰੰਥਕਾਰ 'ਸ੍ਰੀ ਕੰਠ' ਨੇ ਵੀ ਰਾਗਾਂ ਦੇ ਸਮੇਂ-ਸਿਧਾਂਤ ਨੂੰ ਸਵਿਕਾਰਿਆ ਹੈ। ਉਨ੍ਹਾਂ ਅਨੁਸਾਰ ਪ੍ਰਾਤ-ਕਾਲ ਦੇ ਰਾਗ ਗੁਜਰੀ, ਪੰਚਮ, ਭੈਰਵ, ਲਲਿਤ, ਬਿਲਾਵਲ ਆਦਿ ਹਨ, ਸ਼ਾਮ ਦੇ ਸਮੇਂ ਦੇ ਨਟ-ਨਰਾਇਣ, ਘਨਟਾਰਵ ਆਦਿ ਅਤੇ ਰਾਤ ਦੇ ਸਮੇਂ ਦੇ ਕਾਮੋਦ ਆਦਿ ਹਨ।

ਆਧੁਨਿਕ ਯੁੱਗ ਵਿਚ ਜੋ ਸਮਾਂ-ਸਿਧਾਂਤ ਪ੍ਰਚਲਿਤ ਹੈ, ਉਸ ਦਾ ਸਿਹਰਾ ਪੰਡਿਤ ਭਾਤਖੰਡੇ ਜੀ ਦੇ ਸਿਰ ਜਾਂਦਾ ਹੈ। ਪੰਡਿਤ ਜੀ ਨੇ ਰਾਗਾਂ ਦੇ ਸਮੇਂ-ਸਿਧਾਂਤ ਦਾ ਰਾਗ-ਰਸ ਸਿਧਾਂਤ ਦੇ ਆਧਾਰ ਤੇ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਨੇ ਰਾਗਾਂ ਦੇ ਸਮੇਂ-ਸਿਧਾਂਤ ਦੀ ਇਕ ਵਿਵਸਥਿਤ ਪੱਧਤੀ ਪ੍ਰਚਲਿਤ ਕੀਤੀ ਹੈ। ਰਾਗਾਂ ਦੇ ਗਾਇਨ ਸਮੇਂ ਨੂੰ ਦਿਨ ਅਤੇ ਰਾਤ ਦੇ 24 ਘੰਟੇ ਦੇ 2 ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਭਾਗ 12 ਵਜੇ ਦਿਨ ਦੇ ਤੋਂ 12 ਵਜੇ ਰਾਤ ਤੱਕ ਅਤੇ ਦੂਸਰਾ ਭਾਗ 12 ਵਜੇ ਰਾਤ ਤੋਂ 12 ਵਜੇ ਦਿਨ ਤੱਕ ਨਿਰਧਾਰਿਤ ਕੀਤਾ ਗਿਆ ਹੈ। ਜਿਹੜੇ ਰਾਗ ਦਿਨ ਦੇ ਪੂਰਵਅਰਧ ਵਿਚ ਗਾਏ ਜਾਂਦੇ ਹਨ, ਉਨ੍ਹਾਂ ਦਾ ਵਾਦੀ ਸੁਰ ਰਾਗ ਦੇ ਪੂਰਵਾਂਗ ਵਿਚ ਹੁੰਦਾ ਹੈ। ਜਿਹੜੇ ਰਾਗ ਉਤਰਅਰਧ ਵਿਚ ਗਾਏ ਜਾਂਦੇ ਹਨ, ਉਨ੍ਹਾਂ ਦਾ ਵਾਦੀ ਸੁਰ ਰਾਗ ਦੇ ਉਤਰਾਂਗ ਵਿਚ ਹੁੰਦਾ ਹੈ। ਇਹਨਾਂ ਨੂੰ ਪੂਰਵਾਂਗ ਅਤੇ ਉਤਰਾਂਗ ਵਾਦੀ ਰਾਗ ਵੀ ਕਿਹਾ ਜਾਂਦਾ ਹੈ। ਕਈ ਰਾਗਾਂ ਵਿਚ ਨਿਯਮ ਕਮਜ਼ੋਰ ਪੈਂਦਾ ਵੀ ਦਿਖਾਈ ਦਿੰਦਾ ਹੈ ਅਤੇ ਉਹ ਇਸ ਨਿਯਮ ਦੇ ਅਪਵਾਦ ਹਨ ।

ਭਾਤਖੰਡੇ ਜੀ ਅਨੁਸਾਰ "ਮੈਂ ਵੀ ਉਨ੍ਹਾਂ ਲੋਕਾਂ ਵਿਚੋਂ ਹਾਂ, ਜੋ ਰਾਗਾਂ ਦੇ ਸਮਾਂ-ਸਿਧਾਂਤ ਨੂੰ ਮੰਨਦੇ ਹਨ। ਉਹਨਾਂ ਅਨੁਸਾਰ ਹਰੇਕ ਰਾਗ ਨੂੰ ਉਸ ਦੇ ਨਿਯਤ ਸਮੇਂ ਤੇ ਗਾਉਣਾ/ ਵਜਾਉਣਾ ਚਾਹੀਦਾ ਹੈ।"

ਸੰਧੀ-ਪ੍ਰਕਾਸ਼ ਰਾਗ : ਅਰਥ ਅਤੇ ਨਿਰੂਪਣ:- ਰਾਗ ਦਾ ਸਮਾਂ ਨਿਰਧਾਰਿਤ ਕਰਨ ਲਈ ਵਿਦਵਾਨਾਂ ਨੇ ਰਾਗਾਂ ਦੇ ਤਿੰਨ ਵਰਗ ਨਿਰਧਾਰਿਤ ਕੀਤੇ ਹਨ:-

1 ਰੇ ਧ ਕੋਮਲ ਵਾਲੇ ਰਾਗ

2 ਰੇ ਧ ਸ਼ੁਧ ਵਾਲੇ ਰਾਗ

3 ਗ ਨੀ ਕੋਮਲ ਵਾਲੇ ਰਾਗ

ਸੰਧੀ-ਪ੍ਰਕਾਸ਼ ਰਾਗਾਂ ਵਿਚ ਕੋਮਲ ਰੇ ਧ ਅਤੇ ਸ਼ੁਧ ਗੰਧਾਰ ਦਿਖਾਈ ਦਿੰਦਾ ਹੈ ਜੋ ਕਿ ਪਹਿਲੇ ਵਰਗ ਨਾਲ ਸਬੰਧ ਰੱਖਦਾ ਹੈ। ਸੰਧੀ-ਪ੍ਰਕਾਸ਼ ਰਾਗਾਂ ਵਿਚ ਕੋਮਲ ਰਿਸ਼ਭ ਦੇ ਨਾਲ ਸ਼ੁੱਧ ਗੰਧਾਰ ਦਾ ਹੋਣਾ ਬਹੁਤ ਜਰੂਰੀ ਹੈ, ਧੈਵਤ ਚਾਹੇ ਕੋਮਲ ਹੋਵੇ ਚਾਹੇ ਸ਼ੁਧ। ਸਵੇਰ ਦੇ ਸੰਧੀ-ਪ੍ਰਕਾਸ਼ ਰਾਗਾਂ ਵਿਚ ਸ਼ੁੱਧ ਮਧਿਅਮ ਦੀ ਅਤੇ ਸ਼ਾਮ ਵੇਲੇ ਤੀਵਰ ਮਧਿਅਮ ਦੀ ਪ੍ਰਧਾਨਤਾ ਹੁੰਦੀ ਹੈ। ਤੀਜੇ ਪਹਿਰ ਦੇ ਰਾਗਾਂ ਵਿਚ ਰੇ ਧ ਸੁਰ ਦੁਰਬਲ ਜਾਂ ਵਰਜਿਤ ਦਿਖਾਈ ਦਿੰਦੇ ਹਨ। ਇਸ ਦੀ ਉਦਾਹਰਨ ਧਾਨੀ, ਧਨਾਸਰੀ, ਭੀਮਪਲਾਸੀ ਅਤੇ ਮੁਲਤਾਨੀ ਆਦਿ ਰਾਗ ਹਨ। ਇਸ ਤੋਂ ਬਾਅਦ ਸੰਧੀ-ਪ੍ਰਕਾਸ਼ ਵੇਲੇ ਤੱਕ ਕੋਮਲ ਰੇ ਧ ਆਪਣਾ ਸਾਮਰਾਜ ਫਿਰ ਕਾਇਮ ਕਰ ਲੈਂਦੇ ਹਨ।

ਸੰਧੀ-ਪ੍ਰਕਾਸ਼ ਸ਼ਬਦ ਤੋਂ ਹੀ ਸਿੱਧ ਹੁੰਦਾ ਹੈ ਕਿ ਦਿਨ ਅਤੇ ਰਾਤ ਜਾਂ ਰਾਤ ਅਤੇ ਦਿਨ ਦੇ ਉੱਤਮ ਮੇਲ ਦੇ ਸਮੇਂ ਨੂੰ ਸੰਧੀ- ਪ੍ਰਕਾਸ਼ ਵੇਲਾ ਕਿਹਾ ਜਾਂਦਾ ਹੈ। ਇਸ ਸਮੇਂ ਗਾਏ ਜਾਣ ਵਾਲੇ ਰਾਗਾਂ ਨੂੰ ਸੰਧੀ-ਪ੍ਰਕਾਸ਼ ਰਾਗ ਕਿਹਾ ਜਾਂਦਾ ਹੈ। ਸੰਧੀ- ਪ੍ਰਕਾਸ਼ ਵੇਲਾ 24 ਘੰਟੇ ਵਿਚ ਦੋ ਵਾਰ ਆਉਂਦਾ ਹੈ :-

1 ਸੂਰਜ ਦੇ ਉਦੈ ਹੋਣ ਸਮੇਂ ।

2 ਸੂਰਜ ਦੇ ਅਸਤ ਹੋਣ ਸਮੇਂ ।

ਇਸ ਸਮੇਂ ਨਾਲ ਰਾਗ ਰਚਨਾ ਦਾ ਗਹਿਰਾ ਸਬੰਧ ਹੈ। ਇਹ ਵੇਲਾ ਇਕ ਵਿਸ਼ੇਸ਼ ਵਾਤਾਵਰਣ ਦੀ ਸਿਰਜਣਾ ਕਰਦਾ ਹੈ। ਸਵੇਰ ਵੇਲੇ ਅਸੀਮ ਸ਼ਾਂਤੀ ਅਤੇ ਸ਼ਾਮ ਵੇਲੇ ਘਰ ਪਹੁੰਚ ਕੇ ਆਪਣਿਆ ਨੂੰ ਮਿਲਣ ਦੀ ਤਾਂਘ ਹੁੰਦੀ ਹੈ । ਇਸ ਵੇਲੇ ਦੇ ਰਾਗਾਂ ਦੀ ਪ੍ਰਕ੍ਰਿਤੀ ਵੀ ਕੁਝ ਅਜਿਹੀ ਹੀ ਹੁੰਦੀ ਹੈ। ਸਵੇਰ ਦੇ ਸੰਧੀ-ਪ੍ਰਕਾਸ਼ ਰਾਗਾਂ ਦੀਆਂ ਬੰਦਿਸ਼ਾਂ ਵੀ ਭਗਤੀ ਭਾਵ ਨਾਲ ਭਰਪੂਰ ਹੁੰਦੀਆਂ ਹਨ ਅਤੇ ਇਹਨਾਂ ਵਿਚ ਸਵੇਰ ਦੇ ਮਨੋਹਰ ਦ੍ਰਿਸ਼ਾਂ ਅਤੇ ਵਾਤਾਵਰਣ ਦਾ ਵਰਣਨ



Sri Satguru Jagjit Singh Ji Elibrary NamdhariElibrary@gmail.com

ਮਿਲਦਾ ਹੈ। ਇਸ ਵੇਲੇ ਸੰਗੀਤਕ ਸੁਰਾਂਵਲੀਆਂ ਰਾਹੀਂ ਪ੍ਰਭੂ ਭਗਤੀ ਦਾ ਅਨੰਦ ਮਾਣਿਆ ਜਾਂਦਾ ਹੈ। ਇਸ ਸਮੇਂ ਰਿਸ਼ੀ-ਮੁਨੀ ਪ੍ਰਭੂ ਭਗਤੀ ਵਿਚ ਲੀਨ ਹੋ ਜਾਂਦੇ ਹਨ। ਮਾਨਵੀ ਜੀਵਨ ਵਿਚ ਸਵੇਰ ਦਾ ਵੇਲਾ ਮਨ ਵਿਚ ਇਕ ਉਮੰਗ ਅਤੇ ਉਮੀਦ ਲੈ ਕੇ ਆਉਂਦਾ ਹੈ। ਇਥੋਂ ਹੀ ਮਨ ਦੀਆਂ ਬਿਰਤੀਆ ਨੂੰ ਇਕਾਗਰ ਕਰਨ ਲਈ ਰਾਗਾਂ ਦਾ ਆਰੰਭ ਕੀਤਾ ਜਾਂਦਾ ਹੈ । ਰੁੱਤਾਂ ਅਨੁਸਾਰ ਬਦਲਦੇ ਸਮੇਂ ਕਾਰਨ ਸੰਧੀ-ਪ੍ਰਕਾਸ਼ ਵੇਲਾ ਸਵੇਰ ਅਤੇ ਸ਼ਾਮ ਨੂੰ 4 ਤੋਂ 7 ਤੱਕ ਆਉਂਦਾ ਹੈ। ਇਸ ਸਮੇਂ ਵਿਚ ਹੀ ਸੰਧੀ-ਪ੍ਰਕਾਸ਼ ਰਾਗਾਂ ਦਾ ਗਾਇਨ-ਵਾਦਨ ਕੀਤਾ ਜਾਂਦਾ ਹੈ। ਸਵੇਰ ਦੇ ਸੰਧੀ-ਪ੍ਰਕਾਸ਼ ਰਾਗਾਂ ਵਿਚ ਕੋਮਲ ਰਿਸ਼ਭ ਸੂਰਜਰੂਪੀ ਸ਼ੜਜ ਵਿਚ ਲੀਨ ਹੁੰਦਾ ਦਿਖਾਈ ਦਿੰਦਾ ਹੈ। ਸਵੇਰ ਅਤੇ ਸ਼ਾਮ ਦੇ ਸੰਧੀ-ਪ੍ਰਕਾਸ਼ ਰਾਗਾਂ ਦੀ ਪ੍ਰਕ੍ਰਿਤੀ ਵਿਚ ਫਰਕ ਹੁੰਦਾ ਹੈ। ਸਵੇਰੇ ਜ਼ਿੰਦਗੀ ਸ਼ੁਰੂ ਹੁੰਦੀ ਹੈ ਅਤੇ ਸਾਡੇ ਵਿਚ ਇਕ ਤਾਜ਼ਗੀ ਹੁੰਦੀ ਹੈ। ਇਸ ਲਈ ਸਵੇਰੇ ਦੇ ਸੰਧੀ-ਪ੍ਰਕਾਸ਼ ਰਾਗਾਂ ਵਿਚ ਉਭਾਰ ਵੇਖਣ ਨੂੰ ਮਿਲਦਾ ਹੈ। ਇਸ ਦੇ ਉਲਟ ਸ਼ਾਮ ਨੂੰ ਅਸੀਂ ਥੱਕੇ ਹੋਏ ਘਰ ਆਉਂਦੇ ਹਾਂ, ਉਸੇ ਤਰ੍ਹਾਂ ਹੀ ਸ਼ਾਮ ਦੇ ਸੰਧੀ-ਪ੍ਰਕਾਸ਼ ਰਾਗ ਥੋੜੇ ਧੀਮੇ ਹੁੰਦੇ ਹਨ। ਇਹ ਇਕ ਮਨੋਵਿਗਿਆਨਕ ਤਰਕ ਹੈ। ਸਵੇਰ ਦੇ ਸੰਧੀ-ਪ੍ਰਕਾਸ਼ ਸਮੇਂ ਬਹੁਤੇ ਰਾਗ ਭੈਰਵ ਥਾਟ ਦੇ ਅਤੇ ਸ਼ਾਮ ਦੇ ਸੰਧੀ-ਪ੍ਰਕਾਸ਼ ਵੇਲੇ ਬਹੁਤੇ ਰਾਗ ਪੂਰਵੀ ਅਤੇ ਮਾਰਵਾ ਥਾਟ ਦੇ ਰਾਗ ਆਉਂਦੇ ਹਨ। ਸਵੇਰ ਦੇ ਸੰਧੀ-ਪ੍ਰਕਾਸ਼ ਵਿਚ ਭੈਰਵ, ਅਹੀਰ ਭੈਰਵ, ਬੈਰਾਗੀ ਭੈਰਵ, ਗੁਣਕਲੀ, ਰਾਮਕਲੀ, ਵਿਭਾਸ, ਭਟਿਆਰ ਅਤੇ ਲਲਿਤ ਆਦਿ ਰਾਗ ਆਉਂਦੇ ਹਨ। ਸ਼ਾਮ ਵੇਲੇ ਦੇ ਸੰਧੀ-ਪ੍ਰਕਾਸ਼ ਰਾਗਾਂ ਵਿਚ ਪੂਰਵੀ, ਪੂਰੀਆ-ਧਨਾਸਰੀ, ਪੂਰੀਆ, ਪਰਜ, ਸ਼੍ਰੀ, ਅਤੇ ਮਾਰਵਾ ਆਦਿ ਰਾਗ ਆਉਂਦੇ ਹਨ ।

ਸੰਧੀ-ਪ੍ਰਕਾਸ਼ ਰਾਗ ਅਤੇ ਅਧਵ-ਦਰਸ਼ਕ ਸੁਰ:- ਸਮਾਂ-ਸਿਧਾਂਤ ਦੀ ਦ੍ਰਿਸ਼ਟੀ ਤੋਂ ਮਧਿਅਮ ਸੁਰ ਬਹੁਤ ਹੀ ਮਹੱਤਵਪੂਰਨ ਸਿੱਧ ਹੁੰਦਾ ਹੈ। ਸਮਾਂ-ਸਿਧਾਂਤ ਨੂੰ ਧਿਆਨ ਨਾਲ ਵਾਚਣ ਤੇ ਇਹ ਪਤਾ ਲੱਗਦਾ ਹੈ ਕਿ ਸਵੇਰ ਦੇ ਸੰਧੀ ਪ੍ਰਕਾਸ਼ ਵਿਚ ਸ਼ੁੱਧ ਮਧਿਅਮ ਅਤੇ ਸ਼ਾਮ ਦੇ ਸੰਧੀ ਪ੍ਰਕਾਸ਼ ਵਿਚ ਰਾਗਾਂ ਤੀਬਰ ਮਧਿਅਮ ਦੀ ਪ੍ਰਧਾਨਤਾ ਪਾਈ ਜਾਂਦੀ ਹੈ। ਮਧਿਅਮ ਸੁਰ ਦੀ ਸਥਿਤੀ ਦੇਖ ਕੇ ਰਾਗਾਂ ਦੇ ਸਮੇਂ ਦਾ ਕਾਫੀ ਹੱਦ ਤੱਕ ਪਤਾ ਲਗਾਇਆ ਜਾ ਸਕਦਾ ਹੈ। ਮਧਿਅਮ ਸੁਰ ਸਪਤਕ ਦੇ ਮੱਧ ਵਿਚ ਸਥਿਤ ਹੈ। ਇਸ ਲਈ ਇਸ ਸੁਰ ਨੂੰ ਅਧਵ-ਦਰਸ਼ਕ ਸੁਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਸੁਰ ਰਾਗਾਂ ਦਾ ਸਮਾਂ ਨਿਰਧਾਰਿਤ ਕਰਨ ਲਈ ਕਾਫੀ ਹੱਦ ਤੱਕ ਸਹਾਇਕ ਹੁੰਦਾ ਹੈ।

ਕੋਮਲ ਰੇ ਧ ਸੁਰਾਂ ਨਾਲ ਸ਼ੁੱਧ ਮਧਿਅਮ ਭੈਰਵ ਥਾਟ ਦਾ ਸੂਚਕ ਹੈ, ਜੋ ਸਵੇਰ ਦੀ ਸੰਧੀ-ਪ੍ਰਕਾਸ਼ ਰਾਗ ਹੈ। ਕੋਮਲ ਰੇ ਧ ਨਾਲ ਤੀਵਰ ਮਧਿਅਮ ਪੂਰਬੀ ਥਾਟ ਵੱਲ ਇਸ਼ਾਰਾ ਕਰਦਾ ਹੈ ਜੋ ਸ਼ਾਮ ਦਾ ਸੰਧੀ ਪ੍ਰਕਾਸ਼ ਰਾਗ ਹੈ। ਪੂਰਬੀ ਅਤੇ ਮਾਰਵਾ ਥਾਟ ਦੇ ਜਿਹੜੇ ਰਾਗ ਸਵੇਰ ਵੇਲੇ ਗਾਏ ਜਾਂਦੇ ਹਨ, ਉਨ੍ਹਾਂ ਵਿਚ ਸ਼ੁੱਧ ਮਧਿਅਮ, ਤੀਵਰ ਮਧਿਅਮ ਦੀ ਤੁਲਨਾ ਵਿਚ ਜ਼ਿਆਦਾ ਪ੍ਰਯੋਗ ਹੁੰਦਾ ਹੈ ਜਿਵੇਂ ਲਲਿਤ ਅਤੇ ਭਟਿਆਰ ਆਦਿ। ਜੇਕਰ ਅਸੀਂ ਮਧਿਅਮ ਸੁਰ ਸੰਗੀਤ ਵਿਦਵਾਨਾਂ ਦਾ ਦਿਨ ਅਤੇ ਰਾਤ ਕਹੀਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਰਾਗਾਂ ਦੇ ਸਮੇਂ ਸਿਧਾਂਤ ਦੀ ਪਾਲਣਾ ਅੱਜ ਵੀ ਕੀਤੀ ਜਾਂਦੀ ਹੈ ਪਰ ਅੱਜ ਦੇ ਹਾਲਾਤਾਂ ਵਿਚ ਕਾਫ਼ੀ ਅੰਤਰ ਹੈ। ਪਹਿਲਾਂ ਮਨੁੱਖ ਪ੍ਰਕਿਰਤੀ ਨਾਲ ਜੁੜਿਆ ਹੁੰਦਾ ਸੀ ਅਤੇ ਘੜੀਆਂ ਪਹਿਰਾਂ ਨੂੰ ਵੇਖ ਕੇ ਹੀ ਸਾਰੇ ਕੰਮ ਕਾਜ ਨਿਪਟਾਉਂਦਾ ਸੀ। ਹੁਣ ਸਾਡਾ ਜੀਵਨ ਪ੍ਰਕਿਰਤੀ ਤੋਂ ਦੂਰ ਹੈ ਅਤੇ ਅਸੀਂ ਬਹੁਤਾ ਸਮਾਂ ਬੰਦ ਦਰਵਾਜ਼ਿਆਂ ਅੰਦਰ ਹੀ ਬਤੀਤ ਕਰਦੇ ਹਾਂ। ਅਜਿਹੀ ਸਥਿਤੀ ਵਿਚ ਰਾਗਾਂ ਦੇ ਸਮਾਂ ਸਿਧਾਂਤ ਦੀ ਸਾਰਥਕਤਾ ਵੀ ਕੁਝ ਪਰਿਵਰਤਿਤ ਹੋ ਗਈ ਹੈ। ਹੁਣ ਕਲਾਕਾਰ ਦੁਆਰਾ ਆਡਿਓ-ਵੀਡੀਓ ਰਿਕਾਰਡਿੰਗ ਜਾਂ ਰੇਡਿਓ ਅਤੇ ਟੈਲੀਵਿਜ਼ਨ ਆਦਿ ਤੇ ਰਾਗ ਪ੍ਰਸਤੁਤੀ ਸਮੇਂ ਰਾਗ ਦੇ ਸਮੇਂ ਸਿਧਾਂਤ ਦੀ ਕਠੋਰਤਾ ਨਾਲ ਪਾਲਣਾ ਨਹੀਂ ਕੀਤੀ ਜਾਂਦੀ ਸਗੋਂ ਕਿਸੇ ਵੀ ਰਾਗ ਨੂੰ ਕਿਸੇ ਵੀ ਸਮੇਂ ਗਾ-ਵਜਾ ਲਿਆ ਜਾਂਦਾ ਹੈ। ਆਧੁਨਿਕ ਸੰਸਥਾਗਤ ਸਿੱਖਿਆ ਪ੍ਰਣਾਲੀ ਲਈ ਵੀ ਰਾਗਾਂ ਦੀ ਸਿੱਖਿਆ ਸਮੇਂ ਸਿਧਾਂਤ ਅਨੁਸਾਰ ਦੇਣੀ ਕਿਸੇ ਚੁਣੌਤੀ ਤੋਂ ਘੱਟ ਨਹੀਂ। ਵਿਦਿਆਲਿਆ, ਮਹਾਂ-ਵਿਦਿਆਲਿਆ ਅਤੇ ਵਿਸ਼ਵ ਵਿਦਿਆਲਿਆ ਦਾ ਕਾਰਜ ਸਮਾਂ ਤਕਰੀਬਨ 9 ਵਜੇ ਤੋਂ ਸ਼ਾਮ 4 ਵਜੇ ਤੱਕ ਦਾ ਹੀ ਹੁੰਦਾ ਹੈ। ਇਸ ਸਮੇਂ ਵਿਚ ਹੀ ਪਾਠਕ੍ਰਮ ਨਾਲ ਸਬੰਧਿਤ ਹਰ ਰਾਗ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਸਿੱਖਿਆ ਪ੍ਰਣਾਲੀ ਲਈ ਭੈਰਵ, ਪੂਰਬੀ, ਮਾਰਵਾ ਅਤੇ ਕਲਿਆਣ ਆਦਿ ਥਾਟ ਦੇ ਰਾਗਾਂ ਨੂੰ ਸਮੇਂ ਸਿਧਾਂਤ ਅਨੁਸਾਰ ਸਿਖਾਉਣਾ ਸੰਭਵ ਨਹੀਂ ਹੈ। ਇਸ ਤਰ੍ਹਾਂ ਰਾਗਾਂ ਦੇ ਸਮੇਂ ਸਿਧਾਂਤ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਇਸ ਪਰੰਪਰਾ ਦੇ ਦਾਇਰੇ ਤੋਂ ਬਿਲਕੁਲ ਬਾਹਰ ਆਉਣਾ ਅਜੇ ਸੰਭਵ ਨਹੀਂ ਪਰ ਇਸਦਾ ਕੱਟੜ ਪੁਣੇ ਨਾਲ ਨਿਰਵਾਹ ਵੀ ਸੰਗੀਤ ਦੀ ਉਨਤੀ ਲਈ ਘਾਤਕ ਹੈ।

*ਖੋਜਾਰਥੀ, ਸੰਗੀਤ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*



Sri Satguru Jagjit Singh Ji Elibrary NamdhariElibrary@gmail.com

# ਰਾਗ ਸ਼ੁੱਧ ਤੇ ਮਿਸ਼ਰਤ

## ਦਿਆਲ ਸਿੰਘ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਇਕੱਤੀ ਰਾਗਾਂ ਵਿੱਚ ਦਰਜ ਹੈ। ਇਸ ਤੋਂ ਇਲਾਵਾ ਕਈ ਰਾਗਾਂ ਦੇ ਪ੍ਰਕਾਰ ਵੀ ਹਨ, ਉਨ੍ਹਾਂ ਵਿੱਚ ਗਉੜੀ ਦੇ ਤਾਂ ਬਾਰਾਂ ਪ੍ਰਕਾਰ ਲਿੱਖੇ ਹਨ। ਪਰ ਆਸਾ, ਤਿਲੰਗ, ਸੂਹੀ ਤੇ ਮਾਰੂ ਇਹ ਚਾਰੇ ਰਾਗ ਐਸੇ ਹਨ, ਜਿਨ੍ਹਾਂ ਵਿੱਚ ਕੁਝ ਸ਼ਬਦ ਆਸਾ ਕਾਫੀ, ਤਿਲੰਗ ਕਾਫੀ। ਸੂਹੀ ਕਾਫੀ ਤੇ ਮਾਰੂ ਕਾਫੀ ਵਿਚ ਹਨ। ਮਿਸ਼ਰਤ ਰਾਗਾਂ ਨੂੰ ਸੰਗੀਤਾ ਚਾਰੀਆਂ ਨੇ ਦੋ ਜਾਂ ਤਿੰਨ ਰਾਗ ਮਿਲਾ ਕੇ ਨਵਾਂ ਰਾਗ ਬਨਾਉਣ ਦੇ ਤਿੰਨ ਨਿਯਮਾਂ ਦਾ ਪ੍ਰਯੋਗ ਕੀਤਾ ਹੈ:-

*ਪਹਿਲਾ:*-ਇਕ ਰਾਗ ਦਾ ਆਰੋਹ ਅਤੇ ਦੂਜੇ ਰਾਗ ਦਾ ਅਵਰੋਹ ਨੂੰ ਮਿਲਾ ਕੇ ਨਵਾਂ ਰਾਗ ਬਨਾਉਣਾ। ਜਿਵੇਂ-ਸ ਗੁ ਮ ਪ ਨੁ ਸਂ (ਪੰਜ ਸੁਰਾਂ ਦਾ ਇਹ ਆਰੋਹ-ਰਾਗ ਧਾਨੀ, ਧਨਾਸਰੀ ਤੇ ਭੀਮ ਪਲਾਸੀ(ਕਾਫੀ ਠਾਟ) ਦਾ ਹੈ। ਸਂ, ਨੁ ਧੁ ਪ, ਮ ਗੁ ਰੁ ਸ) ਇਹ ਅਵਰੋਹ ਭੈਰਵੀ ਦਾ, ਇਨ੍ਹਾਂ ਦੋਹਾਂ ਨੂੰ ਮਿਲਾ ਕੇ ਭੈਰਵੀ ਠਾਟ ਦਾ ਧਨਾਸਰੀ ਰਾਗ ਬਣ ਗਿਆ। ਇਸੇ ਤਰ੍ਹਾਂ ਸ ਮ, ਮ ਪ ਗੁ ਮ ਨੁ ਧ, ਨ ਸਂ। ਬਹਾਰ ਤੇ ਫਿਰ ਸਂ, ਰੁਂਨ ਧੁਪ, ਮਗ ਮਗ -ਮਗ ਰੁਸ। ਜਾਂ ਸ ਗ, ਮ ਧੁ ਰੁਂ ਸਂ। ਨਸਂ ਨੁਪ, ਮਪ " ਗ ਮ ਨੁਧ, ਨਸਂ। ਇਹ ਬਸੰਤ ਬਹਾਰ ਰਾਗ ਹੋਇਆ। ਇੰਜ ਹੋਰ ਵੀ ਕਈ ਰਾਗ ਹਨ।

*ਦੂਜਾ:*- ਇਕ ਸਪਤਕ ਵਿਚ ਦੋ ਭਾਗ ਹੁੰਦੇ ਨੇ। ਭਾਵ, ਖੜਜ ਤੋਂ ਮਧੱਮ ਜਾਂ ਪੰਚਮ ਤਕ ਪੂਰਵਾਂਗ ਅਤੇ ਮੱਧਮ ਜਾਂ ਪੰਚਮ ਤੋਂ ਤਾਰ ਖੜਜ ਤਕ ਉਤ੍ਰਾਂਗ ਭਾਗ ਹੋਇਆ। ਜਿਵੇਂ - ਸ ਰੁ ਗ ਮ, ਭੈਰਉ ਅਤੇ ਪ ਧੁ ਨੁ ਸਂ। ਇਹ ਭੈਰਵੀ, ਇਸ ਆਰੋਹ-ਅਵਰੋਹ ਤੋਂ ਰਾਗ ਬਸੰਤ ਮੁਖਾਰੀ ਬਣਿਆ। ਫਿਰ ਸ ਰੁ ਗ ਮ, ਪ ਧ ਨੁ ਸਂ। ਇਸ ਆਰੋਹ-ਅਵਰੋਹ ਨਾਲ ਅਹੀਰ ਭੈਰਉ ਰਾਗ ਪ੍ਰਚਲਤ ਹੋ ਗਿਆ।

ਇਸੇ ਨਿਯਮ ਅਨੁਸਾਰ ਹੋਰ ਵੀ ਕਈ ਰਾਗ ਹਨ।

*ਤੀਜਾ:*- ਨਵੇਂ ਤੋਂ ਨਵਾਂ ਰਾਗ ਬਨਾਉਣ ਦਾ ਇਹ ਇਕ ਐਸਾ ਅਸੂਲ ਹੈ, ਜਿਸ ਦਾ ਆਰੋਹ-ਅਵਰੋਹ ਜਾਂ ਪੂਰਵਾਂਗ-ਉਤ੍ਰਾਂਗ ਨਾਲ ਕੋਈ ਸੰਬੰਧ ਨਹੀਂ। ਪਰ ਸੰਗੀਤਾਚਾਰੀਆਂ ਨੇ ਇਸੇ ਤਰੀਕੇ ਨੂੰ ਅਪਣਾ ਕੇ ਪੁਰਾਤਨ ਰਾਗਾਂ ਤੋਂ ਭਿੰਨ-ਭਿੰਨ ਪ੍ਰਕਾਰ ਦੇ ਰਾਗਾਂ ਨੂੰ ਨਵਾਂ ਰੂਪ ਦੇ ਕੇ ਪ੍ਰਸਿੱਧਤਾ ਪਾਈ।

ਵਰਤਮਾਨ ਦੇ ਸੰਗੀਤ ਗ੍ਰੰਥਾਂ ਵਿਚ ਰਾਗਾਂ ਦੇ ਮੁਖ ਅੰਗ ਲਿੱਖੇ ਹੁੰਦੇ ਹਨ। ਭਾਵ, ਹਰੇਕ ਰਾਗ ਵਿਚ ਕੁਝ ਸੁਰ-ਸਮੂਹ ਐਸੇ ਹੁੰਦੇ ਹਨ, ਜਿਨ੍ਹਾਂ ਤੋਂ ਰਾਗ ਸਰੂਪ ਪ੍ਰਗਟ ਹੁੰਦਾ ਹੈ। ਜਿਵੇਂ-ਸ, ਗ ਰ ਮ, ਮਪ "ਮ, ਗ ਰ ਸ। ਇਹ ਗੌਂਡ ਰਾਗ ਦਾ ਮੁਖ ਅੰਗ ਹੈ। ਗੌਂਡ ਦੇ ਇਸ ਅੰਗ ਤੋਂ ਗੌਂਡ ਸਾਰੰਗ, ਗੌਂਡ ਮਲਾਰ, ਗੌਂਡ ਬਿਲਾਵਲ ਰਾਗ ਬਣੇ ਹਨ। ਇਸੇ ਤਰਾਂ-ਸ, ਗਮ, ਪ ਗ ਮ, "ਰ ਗ ਮ ਪ "ਮ-ਰ ਸ। ਇਹ ਨਟ ਰਾਗ ਦਾ ਅੰਗ ਹੈ। ਇਸੇ ਨੂੰ ਮਿਲਾਉਣ ਨਾਲ ਨਟ ਨਾਰਾਇਣ, ਛਾਇਆ ਨਟ, ਨਟ ਮਲ੍ਹਾਰ, ਨਟ ਹਮੀਰ, ਨਟ ਬਿਹਾਗ ਅਤੇ ਨਟ ਕੇਦਾਰ ਰਾਗ ਪ੍ਰਚਲਤ ਹੋਏ, ਪਰ ਨਟ ਆਪ ਲੁਪਤ ਹੋ ਗਿਆ। ਇਸ ਤੋਂ ਇਲਾਵਾ ਕਈ ਰਾਗ ਐਸੇ ਵੀ ਹਨ, ਜਿਨ੍ਹਾਂ ਦਾ ਠਾਟ ਇਕ ਹੈ ਅਤੇ ਉਤ੍ਰਾਂਗ ਭਾਗ ਵੀ ਲਗ-ਭਗ ਇਕੋ ਹੈ। ਪਰ ਤਾਂ ਵੀ ਉਨ੍ਹਾਂ ਦੇ ਸਰੂਪ ਪੂਰਵਾਂਗ ਦੇ ਸੁਰਾਂ ਨੂੰ ਅਗੇ-ਪਿਛੇ (ਅਦਲ-ਬਦਲ) ਕਰਨ ਨਾਲ ਹੀ ਭਿੰਨ-ਭਿੰਨ ਰਾਗ ਹੋ ਜਾਂਦੇ ਹਨ। ਉਨ੍ਹਾਂ ਰਾਗਾਂ ਦਾ ਵੇਰਵਾ ਇਸ ਪ੍ਰਕਾਰ ਹੈ:-

(1) ਰਾਗ ਹਮੀਰ-ਸ, ਰਸ, ਗਮ"ਧ, ਪ-ਮੰਪਧਪਗ, ਮਰ-ਸ।

(2) ਰਾਗ ਕਾਮੋਦ-ਸ, "ਰ-ਪ, ਪਧ, ਪ, ਪ-"ਗਮਪ "ਗਮ "ਰ, ਸ।

(3) ਰਾਗ ਕੇਦਾਰਾ - ਸ, ਰਸ, ਸਮ, "ਮਪ, ਮਪਧਪ-ਮੇ "ਮ-ਸਰ, ਸ।

(4) ਰਾਗ ਛਾਇਆ ਨਟ-"ਧ, ਪ-ਰੇ, "ਰਗਮਪ, "ਗ, ਮਰ, ਸ।

(5) ਰਾਗ ਸ਼ਾਮ ਕਲਿਆਨ-ਸ, "ਰ, ਮੰਪ, ਪਧਪ, ਮੰਪਧਪ, ਮ-ਰੇ, ਨਸ, "ਰਮੰਪ, "ਮਰ, ਨਸ।

(6) ਗੌਂਡ ਸਾਰੰਗ-ਸ, ਗਰਮੰਗ, ਪ-ਮਪ, ਧਪ, ਮਗ, ਰਗਰਮਗ, ਪ-ਰੇ, ਸਗ।

ਉੱਤੇ ਲਿਖੇ ਰਾਗਾਂ ਵਿਚ ਕੇਵਲ ਸੁਰਾਂ ਦਾ ਹੇਰ-ਫੇਰ ਹੈ, ਜਿਸ ਤੋਂ ਭਿੰਨ-ਭਿੰਨ ਰਾਗ ਬਣ ਗਏ।

ਹੁਣ ਅਸਾਂ ਆਦਿ ਗ੍ਰੰਥ ਦੇ ਆਸਾ ਕਾਫੀ, ਤਿਲੰਗ ਕਾਫੀ,



Sri Satguru Jagjit Singh Ji Elibrary NamdhariElibrary@gmail.com

ਸੂਹੀ ਕਾਫੀ ਤੇ ਮਾਰੂ ਕਾਫੀ ਇਨ੍ਹਾਂ ਰਾਗਾਂ ਤੇ ਵਿਚਾਰ ਕਰਨੀ ਹੈ:- *ਨੰ-ਇਕ :* ਇਹ ਚਾਰੇ ਉਤ੍ਰਾਂਗ ਪ੍ਰਧਾਨ ਰਾਗ ਹਨ। *ਨੰ-ਦੋ :* ਇਨ੍ਹਾਂ ਰਾਗਾਂ ਵਿਚ ਦੋਵੇਂ ਨਿਖਾਦ ਲਗਦੇ ਹਨ। *ਨੰ-ਤਿੰਨ :* ਪੁਰਾਤਨ ਸ਼ਬਦ ਰੀਤਾਂ ਸਾਡੇ ਪਾਸ ਲਿਖਤ ਰੂਪ ਵਿਚ ਮੌਜੂਦ ਹਨ, ਜਿਨ੍ਹਾਂ ਵਿਚ ਦੋਵੇਂ ਨਿਖਾਦ ਤੇ ਦੋਵੇਂ ਗੰਧਾਰ ਸੁਰਾਂ ਦਾ ਪ੍ਰਯੋਗ ਤਾਰ ਸਪਤਕ ਵਿਚ ਕੀਤਾ ਗਿਆ ਹੈ। ਪਰ ਦੁਖੀ ਹਿਰਦੇ ਨਾਲ ਮੈਨੂੰ ਇਹ ਲਿਖਣਾ ਪੈ ਰਿਹਾ ਹੈ ਕਿ ਮੌਜੂਦਾ ਸਮੇਂ ਦੀ ਠਾਟ ਪੱਧਤੀ ਨੇ ਸਾਡੀਆਂ ਪੁਰਾਤਨ ਸ਼ਬਦ ਰੀਤਾਂ ਨੂੰ ਅਸ਼ੁਧ ਮੰਨ ਕੇ ਪ੍ਰਵਾਨ ਨਹੀਂ ਕੀਤਾ। ਕਿਉਂਕਿ ਸਾਡੇ ਪਾਸ ਲਿਖਤ ਰੂਪ ਵਿਚ ਸ਼ਾਸਤ੍ਰੀਅ-ਸੰਗੀਤ ਗ੍ਰੰਥ ਨਹੀਂ ਸੀ। ਕੇਵਲ ਸੀਨਾ-ਬਸੀਨਾ ਸਾਡੇ ਰਾਗੀ-ਰਬਾਬੀ ਗੁਰੂ ਅਸਥਾਨਾ ਉਤੇ ਪ੍ਰੇਮ- ਭਾਵਨਾ ਨਾਲ ਆਉਂਦੇ ਆ ਰਹੇ ਸਨ। ਉਂਝ ਵੀ ਉਹ ਸ਼ੁਧ-ਅਸ਼ੁੱਧ ਨੂੰ ਛੱਡ, ਕੇਵਲ ਕੀਰਤਨ ਗੁਰੂ ਲਈ ਕਰਦੇ ਸੀ।

ਆਸਾ ਰਾਗ ਦੀਆਂ ਦੋ ਪੁਰਾਤਨ ਸ਼ਬਦ-ਰੀਤਾਂ (ਬੰਦਿਸ਼ਾਂ) ਤਾਲ-ਬੱਧ ਸਵਰ ਲਿਪੀ ਵਿਚ ਲਿਖਦਾ ਹਾਂ। (ਇੱਕ ਰਬਾਬੀ ਭਾਈ ਤਾਬਾ ਜੀ ਨੇ ਲਿਖਵਾਈ ਸੀ, ਜਿਹੜੀ ਗੁਰਬਾਣੀ ਸੰਗੀਤ ਕ੍ਰਿਤ ਸ: ਗਿਆਨ ਸਿੰਘ (ਐਬਟਾਬਾਦ) ਭਾਗ ਪਹਿਲਾ ਵਿਚ ਦਰਜ਼ ਹੈ। ਦੂਜੀ ਮੇਰੇ ਉਸਤਾਦ ਨੇ ਮੈਨੂੰ ਸਿਖਾਈ ਸੀ.

ਰਾਗ ਆਸਾ ਸਵਾਰੀ ਪੰਜ ਤਾਲ (ਬਿਲੰਬਿਤ ਲਯ)

**ਅਸਥਾਈ**

| | | | | | | | | | | | | | | |
|---|---|---|---|---|---|---|---|---|---|---|---|---|---|---|
| × | | | 2 | | | | 3 | | | | 4 | | 5 | |
| | | | ਧ̣ | ਸ | ਰ | ਰ | ਗ | ਗਸ | ਰਮ | ਪਧ | ਪਸਂ | ਧਪ | ʼਗਸ | ਰਗ |
| | | | ਹਰਿ | ਕਾ | ਸਿਮ | ਰਨ | ਜੋ | Sਕ | ਰੇS | ਪਿਆਰੇ | ਸੋS | ਸੁਖੀ | ਆS | ਸੰS |
| ਗ | ਰਸ | ਸਸ | | | | | | | | | | | | |
| ਸਾ | Sਰ | SS | | | | | | | | | | | | |
| | ਰਕ | ਬੀਰ | | | | | | | | | | | | |

**ਅੰਤਰਾ**

| | | | | | | | | | | | | | | |
|---|---|---|---|---|---|---|---|---|---|---|---|---|---|---|
| | | | ਗਗ | ਪਧ | ਸਂਸਂ | ਸਂਸਂ | ਧਸਂ | ਰਂਗਂ | ʼਸਂ | ਧਪ | ਪਸਂ | ਧਪ | ʼਗਸ | ਰਗ |
| | | | ਇਤ | ਉਤ | ਕਤ | ਹਿਨ | ਡੋS | Sਲ | ਈ | ਜਿਸ | ਰਾ੍ਹ | ਥੀS | ਸਿਰ | ਜਨ |
| ਗ | ਰਸ | - | | | | | | | | | | | | |
| ਹਾ | ਰS | S | | | | | | | | | | | | |

ਨੋਟ ਇਹ ਸ਼ਬਦ ਰੀਤ ਗਿਆਨੀ ਹਰਵਿੰਦ ਸਿੰਘ ਜੀ ਨੇ ਦਾਸ ਨੂੰ 1947 ਵਿਚ ਸਿਖਾਈ ਸੀ ਅਤੇ ਮੇਰੀ ਕਾਪੀ ਵਿਚ ਅਜੇ ਵੀ ਲਿੱਖੀ ਹੈ।

ਰਾਗ ਆਸਾ ਤਿੰਨ ਤਾਲ ( ਮਧਯ ਲਯ) ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| 0 | | | | 3 | | | | × | | | | 2 | | | |
| ਪ | ਧ | ਪ | ਨ਼ | ਧ | ਪ | ਮ | ਗ | ਰ | ਗ | ਰ | ਮ | ਗ | ਰ | ਸ | ਸ |
| ਕ | ਉ | ਣ | ਤ | ਰਾ | S | ਜੀ | S | ਕ | ਵ | ਣ | ਤੂ | ਲਾ | S | ਤੇ | ਰਾ |
| ਰ | ਮ | ਰ | ਮ | – | ਪ | – | ਧ | ਸਂ | – | – | ਰਂ | ਸਂ | - | ਨ਼ | ਧ |
| ਕਉ | ਣੁ | ਸ | ਰਾ | S | ਤੁ | S | ਬੁ | ਲਾ | S | S | S | ਵਾਂ | S | ਪਿਆਰੇ | |
| ਅੰਤਰਾ | | | | | | | | | | | | | | | |
| | ਰਂ | ਰਂ | ਰਂ | ਰਂ | – | ਸਂਰਂ | ਗਂ | ਰਂ | ਸਂ | – | ਰਂ | ਸਂ਼ | ਧ | ਪ | – |
| | ਕਉ | ਣੁ | ਗੁ | ਰੁ | S | ਕੇS | ਪਹਿ | S | ਦੀ | S | ਖਿਆ | ਲੇ | S | ਵਾਂ | S |
| - | ਪ | ਨ | ਨ | ਨ | ਨ | – | ਸਂ | ਧ | ਨ | ਧ | ਰਂ | ਸਂ | - | ਨ਼ | ਧ |
| S | ਕੇ | S | ਪਹਿ | ਮੁ | ਲੁ | S | ਕ | ਰਾ | S | S | S | ਵਾਂ | S | ਪਿਆ | ਰੇ |

ਬਾਕੀ ਤੁਕਾਂ ਇਸੇ ਅੰਤਰੇ ਉਤੇ ਲਾਉਣੀਆ ਹਨ।



Sri Satguru Jagjit Singh Ji Elibrary NamdhariElibrary@gmail.com

ਉਤੇ ਸਵਰਬੱਧ ਸ਼ਬਦ ਗੀਤਾਂ ਆਸਾ ਰਾਗ ਨਾਮ ਹੇਠ ਲਿਖਿਆਂ ਨੇ। ਪਰ ਪਹਿਲੀ ਗੀਤ ਵਿਚ ਆਸਾ ਨਾਲੋਂ ਭੂਪਾਲੀ ਦਾ ਰੂਪ ਵਧੀਕ ਹੈ। ਇਸੇ ਤਰ੍ਹਾਂ ਦੂਜੀ ਗੀਤ (ਟਿਊਨ) ਵਿਚ ਕਾਫੀ ਰਾਗ ਦਾ ਅੰਗ ਵਧੀਕ ਹੈ। ਇਸ ਦਾ ਕਾਰਣ ਇਹੋ ਹੈ ਕਿ ਸ੍ਰੀ ਹਰਿਮੰਦਰ ਸਾਹਿਬ ( ਅੰਮ੍ਰਿਤਸਰ) ਸੋਦਰ ਲਾਉਣ ਤੋਂ ਪਹਿਲਾਂ ਇਕ ਸ਼ਬਦ ਰਾਗੀ ਸਿੰਘ ਆਸਾ ਵਿਚ ਗਾਉਂਦੇ ਸਨ। ਉਦੋਂ ਗੁਣੀ ਜਨ ਕਦੇ ਭੂਪਾਲੀ ਕਦੇ ਕਾਫੀ ਜਾਂ ਪਰਦੀਪ ਰਾਗ ਦਾ ਅੰਗ ਲਾ ਕੇ ਵਿਖਾਉਂਦੇ ਅਤੇ ਮਸਤੀ ਵਿਚ ਝੂਮਦੇ ਸਨ।

ਬਾਕੀ ਰਾਗਾਂ ਸੰਬੰਧੀ ਫਿਰ ਕਦੇ ਲਿਖਾਂਗਾ।

*ਗੁਰਮਤਿ ਵਿਦਿਆਲਾ,*
*ਗੁਰਦੁਆਰਾ ਰਕਾਬ ਗੰਜ ਸਾਹਿਬ, ਦਿੱਲੀ*

Phone : (O) 011-23312440

Sawhney Cloth House

46, Shanker Market, Connaught Circus, New Delhi - 110 001

HELP NEEDY

HELP NEEDY

SHARE THE BLESSINGS

? TO LIVE LONG
LEAD NATURAL LIFE

? TO LIVE MEANINGFUL LIFE
JOIN TEAM HELP NEEDY

? TO LIVE FOR EVER
DONATE

• BLOOD • EYES • TISSUES • ORGANS • WHOLE BODY

A UNIQUE GIFT OF LIFE

AN ISO 9001 - 2000 CERT. TRUST

SEWAKS' Charitable Trust (Regd.)

Regd. Office : SCO 1104-05, First Floor, Sector 22-B, Chandigarh-160 022 (INDIA)
Tel. : 0172-5012763, 93161-36268, 98722-84141 Fax : 0172-5012763
e-mail : sewaks@sewaks-helpneedy.com website : www.sewaks-helpneedy.com
BRANCH OFFICE : 2477, STREET 15, DASHMESH NAGAR, LUDHIANA (PUNJAB) PH: 2490820, 98156-18154

- Medical Sewa Centre : Village Jhanjeri, P.O. Landran, Tehsil Kharar, Distt. S.A.S. Nagar (PUNJAB)
- Medical Sewa Centre : Lal Kothi, Village Behlon, Morni Hills, Distt. Panchkula (HARYANA)
- Baba Ram Singh Ji Chugh MEDICAL SEWA HOSPITAL, Vill. Gatauli, Teh. & Distt. Solan (H.P.)

IN THE SERVICE OF HUMANITY SINCE 1994



Sri Satguru Jagjit Singh Ji Elibrary NamdhariElibrary@gmail.com

# ਰਾਗੀ ਜਥਾ ਭਾਈ ਚਰਨਜੀਤ ਸਿੰਘ ਖਾਲਸਾ, ਕਨੇਡਾ ਵਾਲੇ

## ਪ੍ਰੋ ਐਮ ਐਸ ਸਚਦੇਵਾ

ਪੁਰਾਤਨ ਗ੍ਰੰਥਾਂ ਮੁਤਾਬਕ 9 ਪ੍ਰਕਾਰ ਦੀ ਭਗਤੀ ਮੰਨੀ ਗਈ ਹੈ। ਜਿਸ ਵਿੱਚੋਂ ਕੀਰਤਨ ਭਗਤੀ ਇਕ ਖਾਸ ਅੰਗ ਹੈ। ਅਚਾਰੀਆ ਰਜਨੀਸ਼ ਜੀ ਨੇ ਜਪੁਜੀ ਸਾਹਿਬ ਜੀ ਦੇ ਟੀਕੇ ਅੰਦਰ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਨੂੰ ਰਾਗਾਂ ਦੁਆਰਾ ਗਾ ਕੇ ਪ੍ਰਮਾਤਮਾ ਦੀ ਪ੍ਰਾਪਤੀ ਕੀਤੀ। ਕੀਰਤਨ, ਪ੍ਰਮਾਤਮਾ ਦੀ ਪ੍ਰਾਪਤੀ ਦਾ ਸਭ ਤੋਂ ਉਤਮ ਸਾਧਨ ਹੈ। ਗੁਰਬਾਣੀ ਦਾ ਫੁਰਮਾਨ ਹੈ, ਹੀਰੇ ਹੀਰ ਮਿਲ ਬੇਧਿਆ ਭਾਵ ਕਿ ਜੇਕਰ ਹੀਰੇ ਅੰਦਰ ਛੇਕ ਕਰਨਾ ਹੋਵੇ ਤਾਂ ਹੀਰੇ ਦਾ ਵਰਮਾ ਹੀ ਕੰਮ ਕਰਦਾ ਹੈ, ਹੋਰ ਕਿਸੇ ਧਾਤੂ ਦਾ ਵਰਮਾ ਕੰਮ ਨਹੀਂ ਕਰਦਾ। ਗੁਰਬਾਣੀ ਅੰਦਰ ਕੀਰਤਨ ਨੂੰ ਹੀਰਾ ਆਖਿਆ ਹੈ। ਕੀਰਤਨ ਨਿਰਮੋਲਕ ਹੀਰਾ ਅਤੇ ਮਨੁੱਖਾ ਜਨਮ ਨੂੰ ਵੀ ਗੁਰੂ ਸਾਹਿਬ ਨੇ ਹੀਰਾ ਆਖਿਆ ਹੈ। ਹੀਰੇ ਜੈਸਾ ਜਨਮ ਹੈ ਕਉਡੀ ਬਦਲੇ ਜਾਏ ਭਾਵ ਕਿ ਇਸ ਮਨੁੱਖਾ ਜਨਮ ਰੂਪੀ ਹੀਰੇ ਨੂੰ ਸਵਾਰਨ ਵਾਸਤੇ ਗੁਰਬਾਣੀ ਦੇ ਕੀਰਤਨ ਰੂਪੀ ਹੀਰੇ ਦੀ ਜਰੂਰਤ ਪੈਂਦੀ ਹੈ।

ਗੁਰਬਾਣੀ ਦਾ ਕੀਰਤਨ ਕਰਨ ਵਾਲੇ ਭਾਈ ਚਰਨਜੀਤ ਸਿੰਘ ਜੀ ਖਾਲਸਾ , ਪਿੰਡ ਘੁਮਿਆਰਾ ਖੇੜਾ ਦੇ ਜੰਮਪਲ ਹਨ । ਇਹਨਾਂ ਦੇ ਪਿਤਾ ਗਿਆਨੀ ਰੂਪ ਸਿੰਘ ਰਸੀਲਾ ਜੋ ਕਿ ਸੂਬੇਦਾਰ ਹੰਸਾ ਸਿੰਘ ਬਰਾੜ ਸ਼ਗਿਰਦ (ਬਾਬੂ ਰਜਬਲੀ ) ਦੇ ਸ਼ਗਿਰਦ ਹਨ। ਇਹਨਾਂ ਪਾਸੋਂ ਭਾਈ ਚਰਨਜੀਤ ਸਿੰਘ ਨੇ ਗੁਰਬਾਣੀ ਦਾ ਗਿਆਨ ਹਾਸਲ ਕੀਤਾ ਹੈ । ਗੁਰਦੁਆਰਾ ਬਾਬਾ ਨਾਮਦੇਵ ਭਵਨ ਮਲੋਟ ਵਿਖੇ ਹੈਡ ਗ੍ਰੰਥੀ ਦੀ ਡਿਊਟੀ ਦਰਮਿਆਨ ਗਿਆਨੀ ਰੂਪ ਸਿੰਘ ਰਸੀਲਾ ਨੇ ਭਾਈ ਚਰਨਜੀਤ ਸਿੰਘ ਨੂੰ ਸ਼ਬਦ ਕੀਰਤਨ ( ਸੰਗੀਤ ) ਸਿਖਾਇਆ ਅਤੇ ਮਲੋਟ ਦੇ ਪ੍ਰਸਿਧ ਮਿਊਜ਼ਿਕ ਮਾਸਟਰ ਅਰਵਿੰਦਰਪਾਲ ਸਿੰਘ ਤੋਂ ਤਬਲਾ ਅਤੇ ਸਵਰਗਵਾਸੀ ਜੱਸਾ ਰਾਮ ਮਸਤਾਨਾ ਢੋਲਕ ਮਾਸਟਰ ਤੋਂ ਢੋਲਕ ਸਿਖਾਈ। ਭਾਈ ਸਾਹਿਬ ਦੀ ਅਵਾਜ ਬਹੁਤ ਸੁਰੀਲੀ ਹੈ । ਗਾਉਣ ਦਾ ਅੰਦਾਜ਼ ਬਹੁਤ ਵਧੀਆ ਹੈ । ਇਮਾਨਦਾਰ ਅਤੇ ਮਿਲਣ-ਸਾਰ ਵਿਅਕਤੀ ਹਨ। ਭਾਈ ਚਰਨਜੀਤ ਸਿੰਘ ਖਾਲਸਾ ਨੇ ਗੁਰਦੁਆਰਾ ਗੁਰੂ ਨਾਨਕ ਦੇਵ, ਗੁਰੂ ਨਾਨਕ ਨਗਰੀ, ਮਲੋਟ ਵਿਖੇ 10-12 ਸਾਲ ਕੀਰਤਨ ਦੀ ਸੇਵਾ ਨਿਭਾਈ। ਆਲ ਇੰਡੀਆ ਰੇਡੀਓ ਬਠਿੰਡਾ ਤੇ ਭਾਈ ਸਾਹਿਬ ਜੀ ਨੇ ਬਹੁਤ ਵਾਰੀ ਸ਼ਬਦ ਕੀਰਤਨ ਦਾ ਪ੍ਰੋਗਰਾਮ ਪੇਸ਼ ਕੀਤਾ। ਭਾਈ ਸਾਹਿਬ ਜੀ ਨੇ ਰਾਗੀ ਭਾਈ ਪ੍ਰਿਤਪਾਲ ਸਿੰਘ ਖਾਲਸਾ ਦੀਆਂ ਸ਼ਬਦ ਕੀਰਤਨ ਦੀਆਂ ਕੈਸਟਾਂ (ਜਿਵੇ ਬਾਬਾ ਪੈਰ ਧਰੇ ਅਤੇ ਸੱਜਣ ਮੇਰੇ ਰੰਗਲੇ ) ਵਿੱਚ ਮਿਊਜ਼ਿਕ ਦਿੱਤਾ।

ਪ੍ਰਚਾਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਵਿਸ਼ਾਰਦ ਦਾ ਡਿਪਲੋਮਾ ਹਾਸਿਲ ਕੀਤਾ । ਬੰਬਈ,ਦਿੱਲੀ, ਕਲਕੱਤਾ, ਬੰਗਲੌਰ, ਸਿੰਘਾਪੁਰ, ਥਾਈਲੈਂਡ, ਮਲੇਸ਼ੀਆ ਅਤੇ ਕਨੇਡਾ ਵਿਖੇ ਜਾ ਕੇ ਸੰਗਤਾਂ ਨੂੰ ਸ਼ਬਦ ਕੀਰਤਨ ਦੁਆਰਾ ਨਿਹਾਲ ਕੀਤਾ। ਜਿਥੇ ਸੰਗਤਾਂ ਦਾ ਅਥਾਹ ਪਿਆਰ ਮਿਲਿਆ। ਬਹੁਤ ਸਾਰੇ ਮਾਨ- ਸਨਮਾਨ ਪ੍ਰਾਪਤ ਹੋਏ। ਭਾਈ ਸਾਹਿਬ ਨਿਰੋਲ ਗੁਰਬਾਣੀ ਦਾ ਕੀਰਤਨ ਕਰਦੇ ਹਨ । ਭਾਈ ਸਾਹਿਬ ਦੀ ਗਾਇਣ ਸ਼ੈਲੀ ਬਹੁਤ ਕਾਬਲੇ ਤਾਰੀਫ਼ ਹੈ। ਭਾਈ ਸਤਵਿੰਦਰ ਸਿੰਘ ਦਿੱਲੀ , ਸੰਤ ਅਨੂਪ ਸਿੰਘ, ਭਾਈ ਹਰਜਿੰਦਰ ਸਿੰਘ, ਭਾਈ ਨਿਰੰਜਨ ਸਿੰਘ ਜਾਵੱਦੀਕਲਾਂ ਅਤੇ ਡਾ ਜਾਗੀਰ ਸਿੰਘ ਆਦਿਕ ਜਥਿਆਂ ਦਾ ਕੀਰਤਨ ਭਾਈ ਸਾਹਿਬ ਨੂੰ ਬਹੁਤ ਪਸੰਦ ਹੈ । 98550-51618 ਤੇ ਭਾਈ ਸਾਹਿਬ ਨਾਲ ਸੰਪਰਕ ਕੀਤਾ ਜਾ ਸਕਦਾ ਹੈ ।

*ਇੰਡੀਅਨ ਮਿਊਜ਼ਿਕ ਅਕੈਡਮੀ*
*ਕੇਅਰ ਆਫ ਸ਼ਿਵ ਭੋਲੇ ਸਾਊਂਡ ਸਰਵਿਸ,*
*ਨੇੜੇ ਬਸ ਸਟੈਂਡ, ਅਬੋਹਰ*



Sri Satguru Jagjit Singh Ji Elibrary NamdhariElibrary@gmail.com

# ਪੰਜਵਾਂ ਗੁਰਮਤਿ ਸੰਗੀਤ ਉਤਸਵ (6 ਮਾਰਚ, 2009)

ਪੰਜਾਬੀ ਯੂਨੀਵਰਸਿਟੀ ਵਿਸ਼ਵ ਦੀ ਪਹਿਲੀ ਯੂਨੀਵਰਸਿਟੀ ਹੈ ਜਿਸ ਨੇ ਪੰਜਾਬ ਦੀ ਸੰਗੀਤ ਪਰੰਪਰਾ 'ਗੁਰਮਤਿ ਸੰਗੀਤ' ਨੂੰ ਵਿਸ਼ੇ ਵਜੋਂ ਪੂਰਨ ਮਾਨਤਾ ਦਿੰਦਿਆਂ ਇਸ ਦੀ ਖੋਜ ਤੇ ਅਧਿਆਪਨ ਲਈ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ ਕੀਤੀ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਗੁਰਤਾ ਗੱਦੀ ਪੁਰਬ ਨੂੰ ਸਮਰਪਿਤ ਸਾਲਾਨਾ ਪੰਜਵਾਂ ਗੁਰਮਤਿ ਸੰਗੀਤ ਉਤਸਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਮਿਤੀ 6 ਮਾਰਚ, 2009 ਨੂੰ ਸਵੇਰੇ 9.00 ਵਜੇ ਤੋਂ ਸ਼ਾਮ 6.00 ਵਜੇ ਤਕ ਕਰਵਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਗੁਰਤਾ ਪੁਰਬ ਨੂੰ ਸਮਰਪਿਤ ਸਮਾਰੋਹਾਂ ਵਿਚੋਂ ਇਨ੍ਹਾਂ ਦੋਵੇਂ ਸੰਸਥਾਵਾਂ ਵੱਲੋਂ ਇਹ ਵਿਸ਼ੇਸ਼ ਸਮਾਗਮ ਸੀ ਜਿਸ ਵਿਚ ਗੁਰਮਤਿ ਸੰਗੀਤ ਦੀ ਪ੍ਰਮਾਣਿਕ ਰਾਗਾਤਮਕ ਪਰੰਪਰਾ 'ਤੇ ਅਧਾਰਿਤ ਸ਼ਬਦ ਕੀਰਤਨ ਦਾ ਪ੍ਰਵਾਹ ਚਲਾਇਆ ਗਿਆ। ਇਸ ਸਮਾਗਤ ਵਿਚ ਵਿਸ਼ਵ ਪ੍ਰਸਿੱਧ ਹੇਠ ਲਿਖੇ ਕੀਰਤਨੀਆਂ ਨੇ ਭਾਗ ਲਿਆ :

ਪਦਮ ਸ੍ਰੀ ਐਵਾਰਡੀ ਸਿੰਘ ਬੰਧੂ ਸ. ਸੁਰਿੰਦਰ ਸਿੰਘ (ਦਿੱਲੀ), ਪਦਮ ਸ੍ਰੀ ਐਵਾਰਡੀ ਭਾਈ ਨਿਰਮਲ ਸਿੰਘ (ਸਾਬਕਾ ਹਜ਼ੂਰੀ ਰਾਗੀ, ਸ੍ਰੀ ਹਰਿਮੰਦਰ ਸਾਹਿਬ), ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ (ਸਾਬਕਾ ਹਜ਼ੂਰੀ ਰਾਗੀ ਨੈਸ਼ਨਲ ਐਵਾਰਡੀ ਪ੍ਰੋ. ਕਰਤਾਰ ਸਿੰਘ (ਅਨੰਦਪੁਰ ਸਾਹਿਬ), ਸ਼੍ਰੋਮਣੀ ਰਾਗੀ ਤੇ ਨੈਸ਼ਨਲ ਐਵਾਰਡੀ ਡਾ. ਜਾਗੀਰ ਸਿੰਘ (ਚੰਡੀਗੜ੍ਹ) ਸ੍ਰੀ ਹਰਿਮੰਦਰ ਸਾਹਿਬ, ਭਾਈ ਰਵਿੰਦਰ ਸਿੰਘ (ਹਜ਼ੂਰੀ ਰਾਗੀ, ਸ੍ਰੀ ਹਰਿਮੰਦਰ ਸਾਹਿਬ), ਭਾਈ ਸਰਬਜੀਤ ਸਿੰਘ (ਹਜ਼ੂਰੀ ਰਾਗੀ, ਸ੍ਰੀ ਹਰਿਮੰਦਰ ਸਾਹਿਬ), ਭਾਈ ਇੰਦਰਜੀਤ ਸਿੰਘ (ਹਜ਼ੂਰੀ ਰਾਗੀ, ਸ੍ਰੀ ਹਰਿਮੰਦਰ ਸਾਹਿਬ), ਭਾਈ ਕੁਲਤਾਰ ਸਿੰਘ (ਹਜ਼ੂਰੀ ਰਾਗੀ, ਗੁਰਦੁਆਰਾ ਸੀਸ ਗੰਜ ਸਾਹਿਬ), ਭਾਈ ਮਨੋਹਰ ਸਿੰਘ (ਹਜ਼ੂਰੀ ਰਾਗੀ, ਗੁਰਦੁਆਰਾ ਸੀਸ ਗੰਜ ਸਾਹਿਬ), ਭਾਈ ਅਮਰੀਕ ਸਿੰਘ ਜ਼ਖਮੀ (ਜਲੰਧਰ), ਭਾਈ ਗੁਰਮੀਤ ਸਿੰਘ ਸ਼ਾਂਤ (ਜਲੰਧਰ), ਬੀਬੀ ਜਸਵਿੰਦਰ ਕੌਰ (ਦਿੱਲੀ), ਭਾਈ ਬਲਜੀਤ ਸਿੰਘ ਨਾਮਧਾਰੀ, ਭਾਈ ਗੁਰਦੇਵ ਸਿੰਘ ਕੁੱਲ (ਕੈਨੇਡਾ) ਅਤੇ ਡਾ. ਗੁਰਨਾਮ ਸਿੰਘ ਸਹਿਤ ਗੁਰਮਤਿ ਸੰਗੀਤ ਵਿਭਾਗ ਦੇ ਅਧਿਆਪਕ ਤੇ ਵਿਦਿਆਰਥੀ ।

ਪ੍ਰੋਗਰਾਮ ਦੀ ਰੂਪ ਰੇਖਾ ਤੇ ਵਿਧਾਨ ਗੁਰਮਤਿ ਸੰਗੀਤ ਪ੍ਰਤੀ ਅਪਾਰ ਉਤਸ਼ਾਹ ਰਖਣ ਵਾਲੇ ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਨੇ ਗੁਰਮਤਿ ਸੰਗੀਤ ਚੇਅਰ ਤੇ ਗੁਰਮਤਿ ਸੰਗੀਤ ਵਿਭਾਗ ਦੇ ਬਾਨੀ ਤੇ ਮੁਖੀ ਡਾ. ਗੁਰਨਾਮ ਸਿੰਘ, ਬੀਬੀ ਜਸਬੀਰ ਕੌਰ ਖਾਲਸਾ - ਚੇਅਰਪਰਸਨ ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ (ਨਵੀਂ ਦਿੱਲੀ), ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨੇਕ ਸਿੰਘ, ਡਾ. ਕੰਵਲਜੀਤ ਸਿੰਘ ਆਦਿ ਨੇ ਉਲੀਕਿਆ।

ਕੀਰਤਨੀਆਂ ਦੀ ਚੋਣ ਉਨ੍ਹਾਂ ਦੀ ਘਰਾਣੇਦਾਰ ਸੰਗੀਤ ਕਲਾ, ਗਾਇਨ ਵਿਵਧਤਾ ਅਤੇ ਤਜਰਬੇ ਦੇ ਆਧਾਰ 'ਤੇ ਕੀਤੀ ਗਈ। ਰਾਗਾਤਮਕ ਗਾਇਨ ਕਰਨ ਵਾਲੇ ਟਕਸਾਲੀ ਕੀਰਤਨੀਆਂ ਨੂੰ ਸੱਦਾ ਦਿਤਾ ਗਿਆ। ਰਾਗ ਬਸੰਤ ਤੇ ਉਸਦੇ ਪ੍ਰਕਾਰਾਂ ਦਾ ਪੂਰਨ ਸਿੱਖ ਕੀਰਤਨ ਮਰਿਆਦਾ ਦੇ ਪਰੰਪਰਾਗਤ ਰੂਪ ਨਾਲ ਗਾਇਨ ਕਰਵਾਇਆ ਗਿਆ। ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਸੰਤਾਂ ਭਗਤਾਂ ਦੀ ਬਾਣੀ ਨੂੰ ਗਾਇਨ ਕੀਤਾ। ਸਿੱਖ ਰਾਗੀਆਂ ਦੇ ਨਾਲ-ਨਾਲ ਰਬਾਬੀ ਭਾਈ ਸ਼ਮਸ਼ਾਦ ਅਲੀ, ਅਲੀ ਅਕਬਰ ਤੇ ਨਾਮਧਾਰੀ ਕੀਰਤਨੀਆਂ ਨੇ ਵੀ ਗਾਇਨ ਕੀਤਾ।

ਤੰਤੀ ਸਾਜ਼ਾਂ ਦੇ ਖੇਤਰ ਵਿਚ ਨਵੇਂ ਕੀਰਤਨੀਆਂ ਨੂੰ ਵਿਸ਼ੇਸ਼ ਰੂਪ ਵਿਚ ਉਤਸ਼ਾਹਿਤ ਕੀਤਾ ਗਿਆ।



Sri Satguru Jagjit Singh Ji Elibrary NamdhariElibrary@gmail.com

ਕੀਰਤਨਕਾਰਾਂ ਨਾਲ ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਤਾਨਪੁਰਾ ਅਤੇ ਹੋਰ ਸਾਜ਼ਾਂ ਦਾ ਵਿਸ਼ੇਸ਼ ਆਕਰਸ਼ਨ ਰਿਹਾ ਜਿਸ ਨਾਲ ਗਾਇਨ ਪਰੰਪਰਾ ਦੇ ਨਾਲ-ਨਾਲ ਵਾਦਨ ਪਰੰਪਰਾ ਦੀ ਸੰਭਾਲ ਤੇ ਵੀ ਜ਼ੋਰ ਦਿਤਾ ਗਿਆ। ਤੰਤੀ ਸਾਜ਼ ਵਾਦਕਾਂ ਵਿਚ ਅਮਨਦੀਪ ਸਿੰਘ (ਤਾਊਸ), ਰਵਿੰਦਰ ਸਿੰਘ (ਦਿਲਰੁਬਾ), ਦਾਨਿਸ਼ ਅਸਲਮ (ਰਬਾਬ), ਅਲੀ ਅਕਬਰ (ਰਬਾਬ), ਅਨੂਪ ਸਿੰਘ (ਸਾਰੰਦਾ) ਮੁਖ ਸਨ।

10 ਘੰਟਿਆਂ ਦੇ ਨਿਰੰਤਰ ਕੀਰਤਨ ਪ੍ਰੋਗਰਾਮ ਦਾ ਸੰਚਾਲਨ ਖੁਦ ਡਾ. ਗੁਰਨਾਮ ਸਿੰਘ ਨੇ ਬਾਖੂਬੀ ਨਿਭਾਇਆ।

ਗੁਰਮਤਿ ਸੰਗੀਤ ਚੇਅਰ ਵਲੋਂ ਸਾਲ 2008-09 ਲਈ ਭਾਈ ਗੁਰਚਰਨ ਸਿੰਘ, ਦਿੱਲੀ ਨੂੰ ਫੈਲੋਸ਼ਿਪ ਪ੍ਰਦਾਨ ਕੀਤੀ। ਇਸ ਮੌਕੇ 'ਤੇ ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਸਾਹਿਬ, ਬੀਬੀ ਜਸਬੀਰ ਕੌਰ ਖਾਲਸਾ ਚੇਅਰਪਰਸਨ ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ ਨਵੀਂ ਦਿੱਲੀ, ਡਾ. ਗੁਰਨਾਮ ਸਿੰਘ - ਪ੍ਰੋਫੈਸਰ ਤੇ ਮੁਖੀ ਗੁਰਮਤਿ ਸੰਗੀਤ ਵਿਭਾਗ ਸਹਿਤ ਸਮੂਹ ਸੰਗਤਾਂ ਨੇ ਜੈਕਾਰਿਆਂ ਨਾਲ ਭਾਈ ਗੁਰਚਰਨ ਸਿੰਘ ਜੀ ਨੂੰ ਸਨਮਾਨਿਤ ਕੀਤਾ।

ਭਾਈ ਗੁਰਚਰਨ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰਮਤਿ ਸੰਗੀਤ ਚੇਅਰ ਵਲੋਂ ਦਿਤੀ ਜਾ ਰਹੀ ਫੈਲੋਸ਼ਿਪ ਲਈ ਉਹ ਵਾਈਸ ਚਾਂਸਲਰ ਸਾਹਿਬ ਅਤੇ ਡਾ. ਗੁਰਨਾਮ ਸਿੰਘ ਜੀ ਦੇ ਆਭਾਰੀ ਹਨ। ਉਨ੍ਹਾਂ ਨੇ ਇਸ ਮੌਕੇ ਆਪਣੇ ਪਿਤਾ ਭਾਈ ਜੁਆਲਾ ਸਿੰਘ ਜੀ ਦੀ ਯਾਦ ਵਿਚ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ ਵਲੋਂ ਉਸਾਰੇ ਜਾ ਰਹੇ ਆਡੀਟੋਰੀਅਮ ਲਈ ਦੋ ਲੱਖ ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਅਤੇ ਨਾਲ ਹੀ ਕਿਹਾ ਕਿ ਉਹ ਭਵਿੱਖ ਵਿਚ ਵੀ ਗੁਰਮਤਿ ਸੰਗੀਤ ਚੇਅਰ ਅਤੇ ਵਿਭਾਗ ਦੀ ਅਕਾਦਮਿਕ ਅਤੇ ਮਾਇਕ ਤੌਰ ਤੇ ਸਹਾਇਤਾ ਕਰਦੇ ਰਹਿਣਗੇ।

ਗੁਰਮਤਿ ਸੰਗੀਤ ਉਤਸਵ ਦੌਰਾਨ ਉਚੇਚੇ ਤੌਰ ਤੇ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਨੇ ਕਿਹਾ ਕਿ ਦਰਬਾਰ ਸਾਹਿਬ ਵਿਚ ਕੀ[illegible] ਦੀ ਟਕਸਾਲੀ ਪਰੰਪਰਾ ਨੂੰ ਪੁਨਰ ਸੁਰਜੀਤ ਕਰਨ ਵਿਚ ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਦਾ ਵਡਾ ਹੱਥ ਹੈ। ਆਪ ਨੇ ਭਰੋਸਾ ਦਿਵਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਯੂਨੀਵਰਸਿਟੀ ਵਲੋਂ ਕੀਤੇ ਜਾਂਦੇ ਅਜਿਹੇ ਪ੍ਰੋਜੈਕਟਾਂ ਲਈ ਹਰ ਤਰ੍ਹਾਂ ਨਾਲ ਸਹਿਯੋਗ ਦਿੰਦੀ ਰਹੇਗੀ। ਉਨ੍ਹਾਂ ਨੇ ਵਾਈਸ ਚਾਂਸਲਰ ਸਾਹਿਬ ਡਾ. ਜਸਪਾਲ ਸਿੰਘ, ਬੀਬੀ ਜਸਬੀਰ ਕੌਰ ਖਾਲਸਾ ਤੇ ਗੁਰਮਤਿ ਸੰਗੀਤ ਵਿਭਾਗ ਦੇ ਬਾਨੀ ਮੁਖੀ [illegible]. ਗੁਰਨਾਮ ਸਿੰਘ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਯੂਨੀਵਰਸਿਟੀ ਵਿਖੇ ਇਨ੍ਹਾਂ ਵਡਾ ਸਮਾਰੋਹ ਸਫਲਤਾਪੂਰਵਕ ਕਰਨ ਲਈ ਵਧਾਈ ਦਿੱਤੀ।

ਡਾ. ਜਸਪਾਲ ਸਿੰਘ, ਵਾਈਸ-ਚਾਂਸਲਰ ਪੰਜਾਬੀ ਯੂਨੀਵਰਸਿਟੀ ਨੇ ਜਥੇਦਾਰ ਅਵਤਾਰ ਸਿੰਘ - ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਉਤਸਵ ਵਿਚ ਪਹੁੰਚਣ ਲਈ ਜੀ ਆਇਆਂ ਕਿਹਾ ਅਤੇ ਗੁਰਮਤਿ ਸੰਗੀਤ ਉਤਸਵ ਲਈ ਕੀਤੇ ਸਹਿਯੋਗ ਦਾ ਧੰਨਵਾਦ ਕੀਤਾ। ਵਾਈਸ ਚਾਂਸਲਰ ਸਾਹਿਬ ਨੇ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ ਵਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਗੁਰਮਤਿ ਸੰਗੀਤ ਦਾ ਵਿਸ਼ੇਸ਼ ਕੇਂਦਰ ਬਣ ਗਿਆ ਹੈ ਜਿਥੇ ਇਸ ਵਿਸ਼ੇ 'ਤੇ ਖੋਜ, ਸੁਰੱਖਿਆ ਸੰਭਾਲ ਲਈ ਯਤਨ ਜਾਰੀ ਹਨ।

ਇਸ ਤੋਂ ਇਲਾਵਾ ਭਾਈ ਨਿਰਮਲ ਸਿੰਘ, ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਪਦਮ ਸ਼੍ਰੀ ਐਵਾਰਡ ਅਤੇ ਪ੍ਰੋਫੈਸਰ ਕਰਤਾਰ ਸਿੰਘ, ਡਾਇਰੈਕਟਰ, ਗੁਰਮਤਿ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ ਨੂੰ ਸੰਗੀਤ ਐਵਾਰਡ ਮਿਲਣ ਲਈ ਉਸਤਵ ਦੌਰਾਨ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਪ੍ਰੋਗਰਾਮ ਵਿਚ ਸਮੁਚੇ ਉਤਰੀ ਭਾਰਤ ਤੋਂ ਗੁਰਮਤਿ ਸੰਗੀਤ ਪ੍ਰੇਮੀ ਹਾਜ਼ਰ ਹੋਏ। ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਇਲਾਵਾ ਸੰਤ ਫਤਹਿ ਸਿੰਘ ਚਨੰਣ ਸਿੰਘ ਸਿੱਖ ਮਿਸ਼ਨਰੀ ਕਾਲਜ, ਬੁਢਾ ਜੋੜ ਰਾਜਸਥਾਨ ਤੋਂ ਵੱਡੀ ਗਿਣਤੀ ਵਿਚ ਵਿਦਿਆਰਥੀ ਤੇ ਅਧਿਆਪਕ, ਦਿੱਲੀ ਤੋਂ ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ ਦੇ ਮੈਂਬਰ, ਸ਼ਿਮਲਾ, ਚੰਡੀਗੜ੍ਹ ਤੇ ਵਿਭਿੰਨ ਸੰਸਥਾਵਾਂ ਦੇ



Sri Satguru Jagjit Singh Ji Elibrary NamdhariElibrary@gmail.com

ਮੁਖੀ ਤੇ ਕਾਰਜ ਕਰਤਾ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਉਚੇਚੇ ਤੌਰ ਤੇ ਪਹੁੰਚੀਆਂ।

ਪਹੁੰਚੀਆਂ ਵਿਸ਼ੇਸ਼ ਸ਼ਖਸੀਅਤਾਂ ਵਿਚ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗਿਆਨੀ ਤਰਲੋਚਨ ਸਿੰਘ - ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ - ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ, ਗਿਆਨੀ ਸੁਖਦੇਵ ਸਿੰਘ, ਬਾਬਾ ਬਲਬੀਰ ਸਿੰਘ ਸੀਚੇਵਾਲ, ਸ. ਸਵਿੰਦਰ ਸਿੰਘ ਸਭਰਵਾਲ, ਬੀਬੀ ਪਰਮਜੀਤ ਕੌਰ ਬਜਾਜ, ਸ. ਇੰਦਰਮੋਹਨ ਸਿੰਘ ਬਜਾਜ, ਸ. ਹਰਮੇਲ ਸਿੰਘ ਟੌਹੜਾ, ਸ. ਜਸਪਾਲ ਸਿੰਘ (ਰਿਚਮੰਡ ਹਿਲ), ਸ. ਅਸ਼ੋਕ ਸਿੰਘ ਬਾਗੜੀਆ, ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿੱਲ, ਗਿਆਨੀ ਕਰਨੈਲ ਸਿੰਘ ਗਰੀਬ, ਸ. ਗੁਰਮੀਤ ਸਿੰਘ ਦਾਖਾ, ਸ. ਪੂਰਨ ਸਿੰਘ ਪਾਂਧੀ, ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕ, ਵਿਦਿਆਰਥੀ, ਕਰਮਚਾਰੀ ਅਤੇ ਇਲਾਕੇ ਦੇ ਕੀਰਤਨੀਏ ਵਿਸ਼ੇਸ਼ ਰੂਪ ਵਿਚ ਹਾਜ਼ਰ ਹੋਏ। ਇਲਾਕੇ ਦੇ ਸਕੂਲ, ਕਾਲਜ ਅਤੇ ਵੱਖ-ਵੱਖ ਵਿਦਿਆਲਿਆਂ ਦੇ ਵਿਦਿਆਰਥੀਆਂ, ਅਧਿਆਪਕਾਂ ਨੇ ਵਿਸ਼ੇਸ਼ ਹਾਜ਼ਰੀ ਭਰੀ।

ਲੰਗਰ ਦੀ ਸੇਵਾ ਗੁਰਦੁਆਰਾ ਸਾਹਿਬ, ਪੰਜਾਬੀ ਯੂਨੀਵਰਸਿਟੀ ਦੀ ਸਮੁਚੀ ਪ੍ਰਬੰਧਕੀ ਕਮੇਟੀ ਤੇ ਸੇਵਾਦਾਰਾਂ ਨੇ ਬਖੂਬੀ ਨਿਭਾਈ।

ਗੁਰਮਤਿ ਸੰਗੀਤ ਭਵਨ ਵਿਖੇ ਗੁਰਮਤਿ ਸੰਗੀਤ ਨਾਲ ਸੰਬੰਧਿਤ ਪੁਸਤਕਾਂ, ਅੰਮ੍ਰਿਤ ਕੀਰਤਨ ਅਤੇ ਹੋਰ ਮੈਗਜ਼ੀਨਾਂ ਦੀ ਪ੍ਰਦਰਸ਼ਨੀ ਲਗਾਈ ਗਈ।

ਗੁਰਮਤਿ ਸੰਗੀਤ ਭਵਨ ਵਿਖੇ ਹੀ ਤੰਤੀ ਸਾਜ਼ ਜਿਵੇਂ ਰਬਾਬ, ਤਾਊਸ, ਦਿਲਰੁਬਾ, ਸਾਰੰਦਾ ਆਦਿ ਦੀ ਪ੍ਰਦਰਸ਼ਨੀ ਲਗਾਈ ਗਈ।

ਗੁਰਮਤਿ ਸੰਗੀਤ ਭਵਨ ਵਿਖੇ ਵਿਸ਼ੇਸ਼ ਰੂਪ ਵਿਚ ਟਰੋਪਾਈ ਵਰਕ ਵਿਚ ਤਿਆਰ ਕੀਤੀਆਂ ਫੁੱਲਾਂ ਨਾਲ ਸਜੇ ਹੋਏ ਸਾਜ਼ ਰਬਾਬ ਤੇ ਜੋੜੀ ਇਸ ਪ੍ਰੋਗਰਾਮ ਦੇ ਵਿਸ਼ੇਸ਼ ਆਕਰਸ਼ਣ ਰਹੇ। ਇਥੇ ਗੁਰਮਤਿ ਸੰਗੀਤ ਪ੍ਰੇਮੀਆਂ, ਸੰਗਤਾਂ ਅਤੇ ਵਿਦਿਆਰਥੀਆਂ ਦੇ ਝੁੰਡ ਵੇਖੇ ਗਏ।

*ਡਾ. ਕੰਵਲਜੀਤ ਸਿੰਘ,*
*ਲੈਕਚਰਾਰ ਗੁਰਮਤਿ ਸੰਗੀਤ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*


**Troubles are like a washing machine.**
**They twist, turn and knock us around**
***but in the end we come out brighter and better than before.***

▲▲▲▲▲▲▲

**Trusting in God wont make the mountain smaller,**
**but will make climbing easier.**
**Don't ask Him for a lighter load,**
**but ask for a stronger back.**

▲▲▲▲▲▲▲

***We are like teabags whose true strength comes out when put in hot water.***
***So when problems upset you, just think, you must be God's favourite cup of tea.***

*With best compliments from a wellwisher*




Sri Satguru Jagjit Singh Ji Elibrary NamdhariElibrary@gmail.com

# ਸੁਰ ਲਿਪੀ

ਜਬਰਜੰਗ ਸਿੰਘ

*ਰਾਗ ਆਸਾ*

ਆਰੋਹ - ਸ, ਰੇ ਮ ਪ, ਧ ਸਂ।  ਅਵਰੋਹ- ਸਂ ਨੀ ਧ ਪ ਮ, ਗ ਸਿ, ਸ ਗ ਰ ਗ ਸ।

ਵਿਸ਼ੇਸ਼ ਸੁਰ ਸੰਗਤੀ - ਪ ਧ, ਸਂ ਨੀ ਧ ਪ ਮ ਗ, ਸ ਗ ਰੇ ਗ ਸ।

ਥਾਟ - ਬਿਲਾਵਲ,  ਜਾਤੀ - ਔੜਵ-ਸੰਪੂਰਣ

ਵਾਦੀ ਸੁਰ - ਮਧਿਅਮ (ਮ)  ਸੰਵਾਦੀ ਸੁਰ - ਸ਼ੜਜ (ਸ)

ਇਸ ਰਾਗ ਵਿਚ ਕੀਰਤਨ ਕਰਨ ਦਾ ਸਮਾਂ ਅੰਮ੍ਰਿਤ ਵੇਲਾ (ਸਵੇਰ) ਅਤੇ ਸੰਧਿਆ ਵੇਲਾ (ਸ਼ਾਮ) ਹੈ।

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਸਥਾਈ | | | | | | | | | | | | | | | |
| | | | | | | | | | | | | | ਧ | ਮ | ਪਧ |
| | | | | | | | | | | | | | ਰਾ | ऽ | ਮਈ |
| ਸਂ | - | ਸਂ | - | ਨੀ | ਧ | ਪ | ਮ | ਗ | ਰੇ | ਸ | - | - | ਰੇ | ਮ | ਮ |
| ਆ | ऽ | ਹਉ | ऽ | ਬਾ | ऽ | ਰਿ | ਜੁ | ਤੇ | ऽ | ਰਾ | ऽ | ऽ | ਕਾ | ਹੇ | ਨਾ |
| ਪ | - | ਪ | ਪ | - | ਪਧ | ਸਂਨੀ | ਧਪ | ਮਗ | ਰੇਗ | ਸ | - | - | | | |
| ਖੰ | ऽ | ਭ | ਸ | ऽ | ਅਵ | ਗਾऽ | ਹੁऽ | ਮੇऽ | ऽऽ | ਰਾ | ऽ | ऽ | | | |
| ਅੰਤਰਾ | | | | | | | | | | | | | | | |
| | | | | | | | | | | | | | ਪ | ਪ | ਧ |
| | | | | | | | | | | | | | ਸੁੜ | ਅ | ਪ |
| ਸਂ | - | ਸਂ | - | - | ਰੇਂ | ਰੇਂ | ਸਂ | ਸਂਗਂ | ਰੇਂਗਂ | ਸਂ | - | - | ਸਂ | ਸਂ | ਸਂ |
| ਰਾ | ऽ | ਧ | ऽ | ऽ | ਕਰ | ਤ | ਹੈ | ਜੇऽ | ऽऽ | ਤੇ | ऽ | ऽ | ਜ | ਨ | ਨੀ |
| ਨੀਸਂ | ਰੇਂਸਂ | ਨੀ | ਧ | - | ਪਧ | ਮ | ਮ | ਮਗ | ਰੇਗ | ਸ | - | - | | | |
| ਚੀਤਿ | ऽऽ | ਤਿ | ਨ | ऽ | ਗੁਾऽ | ਖ | ਸ | ਤੇऽ | ऽऽ | ਤੇ | ऽ | ऽ | | | |

*204-ਏ, ਗਲੀ ਨੰ: 3, ਅਬਚਲ ਨਗਰ, ਪਟਿਆਲਾ 147001*
*ਮੋਬਾਈਲ : 98158 98904*

**THE SIKH REVIEW**
**(A Monthly Magazine)**
**116, Karnani Mansion**
**25-A, Park Street, Kolkata**



Sri Satguru Jagjit Singh Ji Elibrary NamdhariElibrary@gmail.com

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

ਆਸਾ ਕਬੀਰ (478)

| | | |
|---|---|---|
| ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥੧॥ | As many As faults the son commits, so many his mother bears not in her mind. | ਜਿੰਨੇ ਕਸੂਰ ਪੁੱਤਰ ਕਰਦਾ ਹੈ, ਉਨੇ ਉਸ ਦੀ ਮਾਤਾ ਆਪਣੇ ਚਿੱਤ ਵਿਚ ਨਹੀਂ ਰੱਖਦੀ। |
| ਰਾਮਈਆ ਹਉ ਬਾਰਿਕੁ ਤੇਰਾ ॥ ਕਾਹੇ ਨ ਖੰਡਸਿ ਅਵਗਨੁ ਮੇਰਾ ॥ ਰਹਾਉ ॥ | My pervading God, I am Thy child. Why destroyest Thou not my demerits? Pause. | ਮੇਰੇ ਵਿਆਪਕ ਵਾਹਿਗੁਰੂ! ਮੈਂ ਤੇਰਾ ਬੱਚਾ ਹਾਂ। ਤੂੰ ਮੈਂਡੇ ਅਪਰਾਧਾਂ ਨੂੰ ਕਿਉਂ ਨਸ਼ਟ ਨਹੀਂ ਕਰਦਾ? ਠਹਿਰਾਓ। |
| ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥ ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥ | If the son in great rage runs away, even then the mother bears it not in her mind. | ਜੇਕਰ ਲੜਕਾ ਬੜੇ ਗੁੱਸੇ ਵਿਚ ਭੱਜ ਵੀ ਜਾਵੇ, ਤਦ ਭੀ ਮਾਂ ਇਸ ਨੂੰ ਆਪਣੇ ਚਿਤ ਵਿਚ ਨਹੀਂ ਰਖਦੀ। |
| ਚਿੰਤ ਭਵਨਿ ਮਨੁ ਪਰਿਓ ਹਮਾਰਾ ॥ ਨਾਮ ਬਿਨਾ ਕੈਸੇ ਉਤਰਸਿ ਪਾਰਾ ॥੩॥ | My mind has fallen into the whirlpool of Anxiety. Without the Lord's Name how can it ferry across? | ਮੇਰਾ ਚਿੱਤ ਫਿਕਰ-ਚਿੰਤਾ ਦੀ ਘੁਮਣਘੇਰੀ ਵਿਚ ਪੈ ਗਿਆ ਹੈ। ਪ੍ਰਭੂ ਦੇ ਨਾਮ ਦੇ ਬਾਝੋਂ ਇਹ ਕਿਸ ਤਰ੍ਹਾਂ ਤਰ ਸਕਦਾ ਹੈ? |
| ਦੇਹਿ ਬਿਮਲ ਮਤਿ ਸਦਾ ਸਰੀਰਾ ॥ ਸਹਜਿ ਸਹਜਿ ਗੁਨ ਰਵੈ ਕਬੀਰਾ ॥ ੪॥੩॥੧੨॥ | Ever bless my body with pure understanding, O Lord. In peace and poise Kabir utters the praise of God. | ਮੇਰੀ ਦੇਹ ਨੂੰ ਹਮੇਸ਼ਾ ਪਵਿਤ੍ਰ ਸਮਝ ਪਰਦਾਨ ਕਰ, ਹੇ ਸੁਆਮੀ। ਆਰਾਮ ਅਤੇ ਅਡੋਲਤਾ ਅੰਦਰ ਕਬੀਰ ਵਾਹਿਗੁਰੂ ਦੀ ਕੀਰਤੀ ਉਚਾਰਨ ਕਰਦਾ ਹੈ। |

## ਸੂਚਨਾ

ਹੁਣ ਤੁਸੀਂ ਅੰਮ੍ਰਿਤ ਕੀਰਤਨ E-mail ਰਾਹੀਂ ਪ੍ਰਾਪਤ ਕਰ ਸਕਦੇ ਹੋ। ਆਪਣਾ E-mail ਐਡਰੈਸ drjagirsingh@gmail.com 'ਤੇ ਭੇਜੋ ਜੀ।

Sri Satguru Jagjit Singh Ji Elibrary NamdhariElibrary@gmail.com

## SIKH VANJARAS/SIKLIGAR

### - ... ...e up call for Census Enumeration 2011

... ..., kindly, aware that "Guru Nanak Naam Levas ...."-constituting t... ...cts (denotified) of Vanjaras, Sikligars, Lobanas, Satnamias & o... ...k Panthis have a rich heritage of their numerous sacrifices in the Sik... ...story. They suffered extreme brutlities of both Mughal & English rule... ... had to migrate to most backward tribal belts & dense jungles to save their lives & Sikh faith. They are spread over in many backward slums of various states. Their All India population is estimated over about 6 crores. They are all living in below-poverty lines but yeat ignored for taking any benefits of housing resettlement or any other development assistances under various Central/State' Government Sponsored Developmental Programmes. Even they are yet to be categorized under Sikh minority status to enable them to avail any assistance under Prime Minister 15-Points Programme of Minority Development (2005). In many states they are yet to be enumerated among main Sikh population during census times due to many reasons & total ignorance on part of Sikh Vanjara Community (Tandas).

It is now a Wake-Up call for all Panthic Missions & organized Sikh Institutions to spread wider publicity & awareness among these communities and to assist them to get themselves enumerated as Sikhs during forthcoming CENSUS OPERATION 2011 by your such time bound service the Sikh population is sure to get an honourable count and a respectable voice in Indian Democracy. The Trust had been promoting various projects since 1997 for their economic renabilitation & providing Sikh Heritage awareness at different state's centres in collaboration with some locally based active Sikh NGO's. But much more Planned works for Vanjaras' betterment still to be initiated by all well-wishers.

**Er. Mohinder Singh**
Secretary-cum-Tresurer
Trust for Welfare of Vanjaras & other Weakers Sections (Regd.)

Sri Satguru Jagjit Singh Ji Elibrary NamdhariElibrary@gmail.com

Postal Regd. No. PB (0045)2006 RNI Regd. No. 46788/89 ISSN 0972-2335

April 2009


# ਗੁਰਬਾਣੀ ਕੀਰਤਨ ਦੀਆਂ ਸੀ...













